# ਅੰਮ੍ਰਿਤ ਕੀਰਤਨ



ਭਾਈ ਮਰਦਾਨਾ ਜੀ

ਦਸੰਬਰ 2000

# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ

ਅੰਕ 12 ◆ ਸਾਲ ਬਾਰ੍ਹਵਾਂ ◆ ਦਸੰਬਰ 2000



ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ.

ਸਹਾਇਕ ਸੰਪਾਦਕ (ਆਨਰੇਰੀ)
ਡਾ. ਗੁਰਮੀਤ ਸਿੰਘ ਬੇਦਵਾਣ
ਐਮ.ਏ., ਪੀ.ਐਚ.ਡੀ.

ਸਹਿਯੋਗੀ
ਸ. ਹਰਭਜਨ ਸਿੰਘ
ਸ. ਉੱਤਮ ਸਿੰਘ



2 ਮਿਤ੍ਰ ਅਸਾਡੜੇ ਸੇਈ

4 **Diligence**
Dr. Jagir Singh

5 ਕਰਉ ਬੇਨੰਤੀਆ

6 ਕੁਰਬਾਣੁ ਜਾਈ ਉਸੁ ਵੇਲਾ ਸੁਹਾਵੀ
ਰਮੇਸ਼ ਸਿੰਘ

11 ਉਸਤਾਦ ਭਾਈ ਕਿਰਪਾਲ ਸਿੰਘ ਜੀ
ਡਾ. ਜਾਗੀਰ ਸਿੰਘ

13 ਦੁਖ ਦਾਰੂ-ਔਖੇ ਪਲ ਕਿਵੇਂ ਬਿਤਾਈਏ?
ਰੇਣੁਕਾ ਸਰਬਜੀਤ ਸਿੰਘ

14 ਰਾਗ-ਵਿੱਦਿਆ
ਸ਼ਿਵ ਨਾਥ

15 ਭਾਈ ਹਰਿ ਸਿਮਰਨ ਸਿੰਘ ਰਾਗੀ
ਡਾ. ਗੁਰਮੀਤ ਸਿੰਘ ਬੇਦਵਾਣ

16 ਆਉ ਤਬਲਾ ਸਿੱਖੀਏ
ਭਾਈ ਗੁਰਜੰਤ ਸਿੰਘ 'ਰਾਹੀ'

18 **Sikh Musicology**
Dr. Gurnam Singh

23 **By not being spiritually universal, are we not denying sikhi ourselves?**
Bhagawant Singh Dalawari

28 **Role & Responsibility**
Taru Bahl

31 ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ
ਮਨਮੋਹਨ ਸਿੰਘ

34 ਸੁਰ-ਲਿਪੀਆਂ
ਡਾ. ਗੁਰਨਾਮ ਸਿੰਘ


ਕਵਰ ਚਿੱਤਰ : ਭਾਈ ਮਰਦਾਨਾ ਜੀ
ਅ. ਸ. ਵਾਲੀਆ

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ:-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

■

Donations are eligible for relief u/s 80 G of Income-Tax Act, 1961 vide CIT/ CHD/80-G/78/Tech. Dated 30-7-1999 valid upto 31-3-2001


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/I, ਸੈਕਟਰ 22-ਬੀ,
ਚੰਡੀਗੜ੍ਹ 160 022
ਫੋਨ :
0172-701396, 713915
E-mail:
drjagirsingh@mailjol.com



ਇਸ਼ਤਿਹਾਰਾਂ ਦਾ ਵੇਰਵਾ :
*ਪਿਛਲਾ ਕਵਰ*
6000 ਰੁਪਏ
*ਕਵਰ ਦੇ ਅੰਦਰਲੇ ਪੰਨੇ*
4000 ਰੁਪਏ
*ਸਾਧਾਰਨ ਪੂਰਾ ਪੰਨਾ*
2000 ਰੁਪਏ


ਚੰਦੇ ਦਾ ਵੇਰਵਾ :

ਦੇਸ਼ ◆ ਇਕ ਕਾਪੀ 15 ਰੁ. ◆ ਸਲਾਨਾ 150 ਰੁ. ◆ ਜੀਵਨ ਮੈਂਬਰ (15 ਸਾਲ) 1500 ਰੁ
ਵਿਦੇਸ਼ ◆ ਸਲਾਨਾ 30 $ ◆ ਜੀਵਨ ਮੈਂਬਰ (15 ਸਾਲ) 300 $

■

'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

■


ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐੱਸ.ਸੀ.ਐੱਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
(Pager: 9610408677)

# ਮਿਤ੍ਰ ਅਸਾਡੜੇ ਸੇਈ

★ 'ਅੰਮ੍ਰਿਤ ਕੀਰਤਨ' ਪੱਤ੍ਰਕਾ ਇਸ ਸਮੇਂ ਵਧੀਆ ਨਿਕਲ ਰਿਹਾ ਹੈ। ਮੈਟਰ ਨਿੱਗਰ ਅਤੇ ਅਗਵਾਈ ਕਰਨ ਵਾਲਾ ਹੁੰਦਾ ਹੈ। ਆਸ ਹੈ ਭਵਿੱਖ ਵਿੱਚ ਇਹ ਪਤ੍ਰਕਾ ਹੋਰ ਵੀ ਚੜ੍ਹਦੀ ਕਲਾ ਵਿੱਚ ਹੋਵੇਗੀ।

*ਗੋਪਾਲ ਸਿੰਘ, ਐਮ. ਏ.*

ਮੁਹਲਾ ਬੜੀ ਸਰਕਾਰ, ਅਨੰਦਪੁਰ ਸਾਹਿਬ (ਰੋਪੜ) 140 118

★ ਆਪ ਜੀ ਦਾ 'ਅੰਮ੍ਰਿਤ ਕੀਰਤਨ' ਮਿਲਦਾ ਰਹਿੰਦਾ ਹੈ। ਉਸ ਲਈ ਵਿਸ਼ੇਸ਼ ਧੰਨਵਾਦ 'ਅੰਮ੍ਰਿਤ ਕੀਰਤਨ' ਵਿੱਚ ਸੰਗੀਤ, ਗੁਰਬਾਣੀ ਸੰਗੀਤ ਅਤੇ ਤਬਲਾ ਸ਼ਿਕਸ਼ਾ ਸੰਗੀਤ ਦਾ ਹੋਰ ਵਾਧਾ ਕੀਤਾ ਜਾਵੇ, ਜਿਵੇਂ ਹਾਥਰਸ ਤੋਂ ਹਿੰਦੀ ਸੰਗੀਤ ਨਿਕਲਦਾ ਹੈ। ਕੀਰਤਨ ਅਤੇ ਤਬਲੇ ਦੀ ਸ਼ਿਕਸ਼ਾ ਸੰਬੰਧੀ ਪੇਜ ਵਧਾਏ ਜਾਣ।

*ਡਾ. ਗਿਆਨੀ ਚੇਤ ਸਿੰਘ* D.H.B.

R7-4B, Ravi Nagar Extention, Dharam puri, New Delhi-18

★ ਆਪ ਜੀ ਵਲੋਂ ਪੱਤਰ ਮਿਲਣ ਤੇ ਪ੍ਰਸੰਨਤਾ ਹੋਈ ਕਿ ਤੁਸੀਂ ਵੀ ਪੰਜਾਬੀ ਦੀ ਚੜ੍ਹਦੀ ਕਲਾ ਲਈ ਯਤਨਸ਼ੀਲ ਹੋ। ਅਸਲ ਵਿੱਚ ਇਹ ਪਰਚਾ ਪੰਜਾਬ ਦੇ ਸਿੱਖ ਸਭਿਆਚਾਰ ਦੇ ਪ੍ਰਸਾਰ ਅਤੇ ਪ੍ਰਚਾਰ ਲਈ ਸ਼ਲਾਘਾਯੋਗ ਭੂਮਿਕਾ ਨਿਭਾ ਰਿਹਾ ਹੈ। ਪਰਚੇ ਦੇ ਆਰੰਭ ਦੇ ਸ਼ਬਦਾਂ ਤੋਂ ਲੈ ਕੇ ਅੰਤ ਤੱਕ ਇਸ ਵਿੱਚ ਵਿਅਕਤ ਕੀਤੇ ਵਿਚਾਰ ਸੰਭਾਲਣ ਯੋਗ ਹੁੰਦੇ ਹਨ, ਕਿਉਂ ਜੋ ਇਹਨਾਂ 'ਚ ਸਾਡੀ ਵਿਰਾਸਤ ਸੰਬੰਧੀ ਬਹੁਤ ਕੁਝ ਵਡਮੁੱਲਾ, ਬੜੇ ਹੀ ਸਰਲ ਅਤੇ ਸੁਵਿਧਾਜਨਕ ਤਰੀਕੇ ਨਾਲ ਪ੍ਰਸਤੁਤ ਕੀਤਾ ਗਿਆ ਹੁੰਦਾ ਹੈ।

ਮੈਂ ਹਰ ਤਰ੍ਹਾਂ ਦੀ ਮਦਦ ਅਤੇ ਸਹਿਯੋਗ ਲਈ ਸਦਾ ਤਿਆਰ ਹਾਂ। ਡਾ. ਜਾਗੀਰ ਸਿੰਘ ਵਲੋਂ ਜੋ ਕਾਰਜ ਕੀਤਾ ਗਿਆ ਹੈ ਅਤੇ ਕੀਤਾ ਜਾ ਰਿਹੈ ਇਹ ਅਤਿ ਵਿਲੱਖਣ, ਸਲਾਘਾਯੋਗ ਅਤੇ ਗੌਰਵਸ਼ਾਲੀ ਹੈ, ਇਸ ਤੇ ਪੀੜ੍ਹੀਆਂ ਮਾਣ ਕਰਨਗੀਆਂ। ਇਹ ਮੇਰਾ ਨਿਸ਼ਚੈ ਹੈ।

*Dr. Jagir Singh Noor*

A-9, Green Park, Chahal Nagar, Phagwara 144 401

★ 'ਅੰਮ੍ਰਿਤ ਕੀਰਤਨ' ਮੈਗਜ਼ੀਨ ਜੋ ਕੌਮ ਦੀ ਸੇਵਾ ਨਿਭਾ ਰਿਹਾ ਹੈ ਉਸ ਲਈ ਅਸੀਂ 'ਅੰਮ੍ਰਿਤ ਕੀਰਤਨ' ਟਰਸੱਟ ਦੇ ਰਿਣੀ ਹਾਂ।

*Tirlochan Singh*

# 3296, Sector: 19-D, Chandigarh 160 019

★ 'ਅੰਮ੍ਰਿਤ ਕੀਰਤਨ' ਰਸਾਲੇ ਰਾਹੀਂ ਸਿੱਖ ਸੰਗਤਾਂ ਅਤੇ ਕੀਰਤਨ ਸਿੱਖਿਆ ਗ੍ਰਹਣ ਵਾਲੇ ਬੱਚੇ ਬੱਚੀਆਂ ਵਿੱਚ ਜਿੱਥੇ ਗੁਰਬਾਣੀ ਤੇ ਗੁਰਮਤਿ ਕੀਰਤਨ ਲਈ ਉਤਸ਼ਾਹ ਪੈਦਾ ਹੋਇਆ ਉੱਥੇ ਗੁਰ ਇਤਿਹਾਸ ਅਤੇ ਗੁਰਬਾਣੀ ਦੀ ਜਾਣਕਾਰੀ ਵੀ ਪ੍ਰਾਪਤ ਹੋ ਰਹੀ ਹੈ। ਮੈਂ ਇਸ ਨੂੰ ਬੜੇ ਧਿਆਨ ਨਾਲ ਪੜ੍ਹਦਾ ਹਾਂ। ਆਸ ਹੈ ਗੁਰੂ ਮਹਾਰਾਜ ਦੀ ਕ੍ਰਿਪਾ ਸਦਕਾ ਇਸੇ ਤਰ੍ਹਾਂ ਗੁਰਬਾਣੀ ਦੇ ਪ੍ਰਚਾਰ ਵਿੱਚ ਆਪਣਾ ਯੋਗਦਾਨ ਦਿੰਦੇ ਰਹੋਗੇ।

*ਦਿਆਲ ਸਿੰਘ*

ਕੋਟ ਨੰ: ਸੀ-1074, ਗੁਰਮਤਿ ਵਿਦਿਆਲਾ,

ਗੁ: ਰਕਾਬ ਗੰਜ, ਨਵੀਂ ਦਿੱਲੀ

★ 'ਗੁਰਮਤਿ ਪ੍ਰਕਾਸ਼' ਦਾ ਸਿਤੰਬਰ ਅੰਕ ਕੁਝ ਤਕਨੀਕੀ ਕਾਰਣਾਂ ਕਰਕੇ ਅੱਜ ਹੀ ਮਿਲਿਆ ਤੇ ਮੈਂ ਸ੍ਰ. ਭਗਵੰਤ ਸਿੰਘ ਦਿਲਾਵਰੀ ਦੇ ਲੇਖ 'ਆਓ ਗੁਰਬਾਣੀ ਨਾਲ ਜੁੜੀਏ' ਨੂੰ ਪੜ੍ਹਕੇ ਇਞ ਮਹਿਸੂਸ ਕਰ ਰਿਹਾ ਸੀ ਕਿ ਅਜਿਹੀ ਲਿਖਤ ਕਿਤੇ ਪੜ੍ਹੀ ਹੈ। ਲੇਖ ਦੇ ਆਖੀਰ ਵਿੱਚ ਧੰਨਵਾਦ 'ਅੰਮ੍ਰਿਤ ਕੀਰਤਨ' ਦੇ ਉਲੇਖ ਨਾਲ ਮੇਰੀ ਜਿਗਿਆਸਾ ਸ਼ਾਂਤ ਹੋ ਗਈ। 'ਅੰਮ੍ਰਿਤ ਕੀਰਤਨ' ਨੇ ਕਲੇਵਰ ਤੇ ਨੁਹਾਰ ਵਿੱਚ ਜੋ ਵਿਕਾਸ ਕੀਤਾ ਹੈ ਉਸਦਾ ਇਹ ਢੁਕਵਾਂ ਪੁਰਸਕਾਰ ਤੇ ਪ੍ਰੋਤਸਾਹਨ ਹੈ। 'ਅੰਮ੍ਰਿਤ ਕੀਰਤਨ' ਵਿਚ ਛਪੇ ਇੱਕ ਸਥਾਪਿਤ ਲੇਖਕ ਦੇ ਲੇਖ ਨੂੰ 'ਗੁਰਮਤਿ ਪ੍ਰਕਾਸ਼' ਦੇ ਸੰਪਾਦਕ ਮੰਡਲ ਨੇ ਪਹਿਲੇ ਲੇਖ ਵਜੋਂ ਛਾਪ ਕੇ 'ਗੁਰਮਤਿ ਪ੍ਰਕਾਸ਼' ਦਾ ਕਦ ਹੀ ਉੱਚਾ ਕੀਤਾ ਹੈ ਤੇ 'ਅੰਮ੍ਰਿਤ ਕੀਰਤਨ' ਦਾ ਸਹੀ ਮਾਨ ਕੀਤਾ ਹੈ। ਪਿੱਛੇ ਜਿਹੇ 'ਪੰਜਾਬੀ ਟ੍ਰਿਬਿਊਨ' ਦੇ ਸ਼ਾਮ ਸਿੰਘ ਨੇ ਹਫਤਾਵਾਰੀ 'ਅੰਗ ਸੰਗ' ਵਿੱਚ ਤੁਹਾਡੇ ਸੰਪਾਦਕੀ ਸੰਸਕਰਣ 'ਸਾਡੇ ਮਹਾਰਾਜ ਬੇਗਾਨੇ ਮਹਾਰਾਜ' ਤੇ 'ਸਾਡਾ ਅਖੰਡ ਪਾਠ ਤੇ ਬੇਗਾਨਾ ਅਖੰਡ ਪਾਠ' ਦਾ ਸੰਦਰਭ ਉਦਰਿਤ ਕੀਤਾ ਸੀ। ਨਿੱਜੀ ਵਿਚਾਰਧਾਰਾ ਅਨੁਸਾਰ ਉਕਤ ਸੰਪਾਦਕ ਨੇ ਸਥਾਪਿਤ ਸੰਸਥਾ ਤੇ ਵਿਅੰਗ ਹੀ ਲੱਭਿਆ ਸੀ। 'ਅੰਮ੍ਰਿਤ ਕੀਰਤਨ' ਦੀਆਂ ਗੁਰਮਤਿ ਲਿਖਤਾਂ ਵਿੱਚ ਆਪਣੀ ਸ਼ਾਲੀਨ ਪਹਿਚਾਨ ਬਣ ਰਹੀ ਹੈ ਤੇ ਇਸ ਵਿੱਚ ਛਪ ਰਹੇ ਲੇਖਕਾਂ ਅਤੇ ਮੇਰੇ ਵਰਗੇ ਨਵੇਂ ਲੇਖਕਾਂ ਦੀ ਪਾਠਕਾਂ ਵਿੱਚ ਪਹਿਚਾਨ ਬਣ ਜਾਣ ਦਾ ਸੁਭਾਗ ਵੀ ਜੁੜਿਆ ਹੋਇਆ ਹੈ। 'ਅੰਮ੍ਰਿਤ ਕੀਰਤਨ' ਦੀ ਚੜ੍ਹਦੀਆਂ ਕਲਾਂ ਲਈ ਅਰਦਾਸ!

*ਕਰਤਾਰ ਸਿੰਘ ਨੀਲਧਾਰੀ*

162 ਏ, ਗਰੇਨ ਮਾਰਕੀਟ, ਚੰਡੀਗੜ੍ਹ

★ We are really grateful to you for providing valuable information through 'Amrit Kirtan'. May you efforts to spread 'Gurmat' flourish further through his bountiful 'Kirpa'.

*Umrao Singh Kang*

42, Sector: 28-A, Chandigarh

★ I am very happy that I am receiving 'Amrit Kirtan' regularly and the articles are very much liked -Gurbani as well as lives of religious dignities. I hope that I will be receiving regularly. I hope that 'Amrit Kirtan' shall flash like anything. I also send well wishes for Dr. Jagir Singh's long life & service to the Sikh Sangat.

*Parhalad Singh*

A-67, Hari Nagar, New Delhi 110 064

★ The magazine is really a very good Punjabi monthly which is pertaing to Gurbani Kirtan and Gurbani understanding. It may serve the Sikh community forever and be published regularly, with a magnificant face and good contents. I am really interested in it and I feel it will help me in developing Kirtan sense and literal sense.

*Ranbirjit Singh*

c/o Gurudwara Guru Arjan Dev,

Simbal Camp, Jammu

★ 'ਕਰਉ ਬੇਨੰਤੀਆ' ਡਾ. ਜਾਗੀਰ ਸਿੰਘ ਦੀ ਤਹਰੀਰ ਖ਼ੂਬਸੂਰਤ ਸੀ। 'ਲੋਕ ਸੰਗੀਤ ਤੇ ਕਾਵਿ ਰੂਪ' ਵਲੋਂ ਸੋਹਿੰਦਰ ਸਿੰਘ ਵਣਜਾਰਾ ਬੇਦੀ, 'ਮੁਸਲਮਾਨ ਰਬਾਬੀ ਤੇ ਗੈਰ ਸਿੱਖ ਕੀਰਤਨਕਾਰ' ਵਲੋਂ ਸ੍. ਸੋਹਨ ਸਿੰਘ, 'ਸਫਲ ਜੀਵਨ' ਵਲੋਂ ਡਾ. ਸੁਰਜੀਤ ਸਿੰਘ ਕੁੰਜਾਹੀ, 'ਤਿਨ ਮਹਿ ਰਾਮ ਰਹਿਆ ਭਰਪੂਰ' ਲੇਖ ਪ੍ਰੋ. ਬਲਵਿੰਦਰ ਸਿੰਘ, 'ਰਬਾਬੀ ਮਰਦਾਨਾ' ਲੇਖ ਵਲੋਂ ਕਰਤਾਰ ਸਿੰਘ ਨੀਲਧਾਰੀ, 'ਸ਼ਬਦ ਕੰਪੋਜ਼ਰ ਸੰਗਤੀਕਾਰ ਮਹਿੰਦਰ ਜੀਤ ਸਿੰਘ' ਵਲੋਂ ਗੁਰਮੁਖ ਸਿੰਘ ਸਹਿਗਲ ਬਾਰੇ ਜਾਣਕਾਰੀ ਆਦਿਕ ਲੇਖ ਬਹੁਤ ਹੀ ਖੋਜ ਭਰਪੂਰ ਸਨ। 'ਆਉ ਤਬਲਾ ਸਿੱਖੀਏ' ਵਲੋਂ ਭਾਈ ਗੁਰਜੰਤ ਸਿੰਘ ਰਾਹੀ, ਸੁਰ ਲਿਪੀ ਬਾਰੇ ਸ਼ਬਦ ਦੇ ਅਰਥ ਵਲੋਂ ਮਨਮੋਹਨ ਸਿੰਘ ਰਾਗ ਆਸਾ ਵਿੱਚ 'ਰੂਪਕ ਤਾਲ ਦੀ ਬੰਦਸ਼' ਤੇ ਤਾਲ ਦਾਦਰਾ ਵਿੱਚ 'ਆਸਾ ਰਾਗ ਦੀ ਬੰਦਸ਼' ਵਲੋਂ ਪ੍ਰੋ. ਤਾਰਾ ਸਿੰਘ ਰਚਿਤ ਗੁਰਮੁਖ ਢੂਡ ਢੂੰਢੇਦਿਆਂ ਆਦਿਕ ਸਮੱਗਰੀ ਬਹੁਤ ਹੀ ਕਾਬਿਲੇ ਤਾਰੀਫ ਸੀ।

*ਪ੍ਰੋ. ਮੰਗਤ ਸਿੰਘ ਮਸਤਾਨਾ*

C/o ਅਸ਼ੋਕਾ ਰਿਫਰੈਸਮੈਂਟ, ਮੰਡੀ ਹਰਜੀ ਰਾਮ, ਮਲੋਟ

★ 'ਅੰਮ੍ਰਿਤ ਕੀਰਤਨ' ਮੈਗਜ਼ੀਨ ਜੋ ਕੌਮ ਦੀ ਸੇਵਾ ਨਿਭਾ ਰਿਹਾ ਹੈ ਉਸ ਲਈ ਅਸੀਂ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਰਿਣੀ ਹਾਂ।

*ਤਿਰਲੋਚਨ ਸਿੰਘ*

3286 Sector: 9-D, Chandigarh

★ 'ਅੰਮ੍ਰਿਤ ਕੀਰਤਨ' ਮੈਗਜ਼ੀਨ ਮੈਨੂੰ ਬਹੁਤ ਹੀ ਵਧੀਆ ਲੱਗਿਆ। ਮੈਨੂੰ ਇਸ ਵਿੱਚ ਛਪੇ ਲੇਖ ਜਿਵੇਂ ਡਾ. ਜਾਗੀਰ ਸਿੰਘ ਦੀ ਤਹਿਰੀਰ, ਡਾ. ਤਾਰਨ ਸਿੰਘ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਕਾਵਿ ਪ੍ਰੰਪਰਾ, ਭਗਵੰਤ ਸਿੰਘ ਦਿਲਾਵਰੀ ਵਲੋਂ 'ਗੁਰਬਾਣੀ ਵਿੱਚ ਕਿਵੇਂ ਜੁੜੀਏ' ਅਤੇ ਭਾਈ ਗੁਰਜੰਤ ਸਿੰਘ ਵਲੋਂ 'ਆਉ ਤਬਲਾ ਸਿੱਖੀਏ' ਪੜ੍ਹ ਕੇ ਬਹੁਤ ਜਾਣਕਾਰੀ ਮਿਲੀ। ਦਾਸ ਦੀ ਇੱਕ ਬੇਨਤੀ ਹੈ ਕਿ ਹਰ ਮੈਗਜ਼ੀਨ ਵਿੱਚ ਤਬਲੇ ਬਾਰੇ ਜ਼ਰੂਰ ਲਿਖਦੇ ਰਹਿਣਾ।

ਮੈਨੂੰ ਇਸ ਮਹੀਨੇ ਦੇ ਲੇਖ 'ਮੁਸਲਮਾਨ ਰਬਾਬੀ ਤੇ ਗੈਰਸਿੱਖ ਕੀਰਤਨਕਾਰ' ਸੋਹਨ ਸਿੰਘ ਤੇ ਭਾਈ ਗੁਰਜੰਤ ਸਿੰਘ ਦਾ ਲੇਖ ਬਹੁਤ ਹੀ ਪਸੰਦ ਆਇਆ ਹੈ।

*ਸਤਿੰਦਰ ਸਿੰਘ ਪਿਤਾ ਸ੍. ਤਰਨਜੀਤ ਸਿੰਘ*

15/770, ਕਾਜੀ ਕੋਟ ਰੋਡ, ਮੁਹਲਾ ਨਾਨਕਸਰ,

ਤਰਨਤਾਰਨ (ਅੰਮ੍ਰਿਤਸਰ)

★ 'ਅੰਮ੍ਰਿਤ ਕੀਰਤਨ' ਦੇ ਪਿਛਲੇ ਅੰਕ ਵਿੱਚ ਕੈਸਟਾਂ ਸਬੰਧੀ ਤੁਹਾਡਾ ਸੰਪਾਦਕੀ ਚੰਗਾ ਲੱਗਾ। ਇਹ ਸਥਿਤੀ ਕੇਵਲ ਇਸੇ ਖੇਤਰ ਤੀਕ ਸੀਮਿਤ ਨਹੀਂ ਹੈ। ਸਗੋਂ ਬਾਕੀ ਖੇਤਰਾਂ ਦਾ ਵੀ ਇਹੋ ਹਾਲ ਹੈ। ਕਿਤਾਬਾਂ ਦੇ ਪਬਲੀਸ਼ਰ ਵੀ ਇੰਜ ਹੀ ਕਰਦੇ ਹਨ ਅਤੇ ਲੇਖਕ ਪੱਲੇ ਕਾਣੀ ਕੌਡੀ ਨਹੀਂ ਪਾਉਂਦੇ।

*ਸੁਭਾਸ਼ ਪਰਿਹਾਰ*

ਕੋਟਕਪੂਰਾ 151 204

# DILIGENCE

Dr. Jagir Singh

When I was studying in the eighth class my handwriting was not good. My method of working was also bad, so I barely passed the class. When I entered the ninth class there was a very good teacher who used to teach us Punjabi. His name was Giani Balwant Singh.

One day he checked the bags of all the students. When he looked into my bag, which was untidy, he asked me to tidy it and cover my books. On going through my notebooks he got very angry because my handwriting was very bad. He told me that I should not write carelessly even in my rough copy. Writing in a rough manner makes the hand writing bad. While observing my writing be pointed out that all the letters written by me were not bad, only the shapes of some letters needed improvement. He gave me a set of letters and asked me to write them twenty times. This practice made my hand writing better. In this way I improved my hand writing in Hindi and English.

When I began learning music from Prof. Yash Pal of Chandigarh, he taught me the intricacies of classical Indian music. He used to guide me to sing each note very carefully. Shifting from one note to another, staying at one note, leaving that note and to do these exercises carefully. He described the characteristics of ragas with the help of the shapes of letters. He told me that every raga has its own peculiar identity. It has its own mood and shape. Just like the letters E F, PRK, O Q, VUW have little differences in their shapes, only a small line can change one letter into another. Similarly only one note can change a raga. Even singing the same note in a different manner can change a raga.

Good mannered people are likely to be good artists. Sobha Singh a renowned artist described an anecdote in his autobiography about an artist :

The owner of an opera house was in need of a good violinist. He asked his agent who told him about one and said- "He is very good but we have to go to his house for an interview." The owner agreed. Both went to the violinist's house which was situated on a mountain. When they reached the house the violinist was sitting in his garden and enjoying the warm sun. Looking at the guests he offered the chairs and some oranges. The way in which he presented those oranges was very impressive. He peeled the oranges with a little knife and separated the threads with a little scissor. He offered salt in a lovely plate. When they finished eating oranges his wife brought warm water to wash their fingers. The guests appreciated the oranges. When they were to leave, the owner of the opera house gave his card and invited him to play the violin in his opera house. On the way back the agent asked the owner why he had offered the job to the violinist without hearing him play. The owner said- "The way in which he behaved and offered oranges is the guarantee that he is a good artist."

**PAGE SPONSORED BY : AHUJA FAMILY**

C-353, Defence Colony New Delhi 110 024

# ਪਉੜੀਆਂ

ਮੇਰੇ ਇੱਕ ਮਿਹਰਬਾਨ ਮਿੱਤਰ ਹਨ ਡਾ. ਜੇ. ਐਸ. ਚੋਪੜਾ ਜੋ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਮਾਲਕ ਹਨ। ਉਹਨਾਂ ਨੇ ਆਪਣਾ ਘਰ ਬਣਾਇਆ। ਘਰ ਦੇ ਅੰਦਰ ਪਹਿਲੀ ਮੰਜਲ ਤੇ ਜਾਣ ਲਈ ਬੜੀਆਂ ਸੁੰਦਰ ਗੋਲ-ਗੋਲ ਪਉੜੀਆਂ ਬਣਾਈਆਂ ਹਨ। ਪਉੜੀਆਂ ਦੇ ਸਾਹਮਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕਮਰਾ ਬਣਾਇਆ ਹੈ। ਡਾਕਟਰ ਸਾਹਿਬ ਵੀ ਪਾਠ ਕਰਦੇ ਹਨ ਅਤੇ ਉਹਨਾਂ ਦੀ ਪਤਨੀ ਬੀਬੀ ਅਮਰਜੀਤ ਕੌਰ ਜੋ ਪੰਜਾਬੀ ਵਿੱਚ ਐਮ. ਏ. ਹਨ ਅਤੇ ਜਿਹਨਾਂ ਨੂੰ ਸਾਹਿਤ ਨਾਲ ਕਾਫੀ ਲਗਾਓ ਹੈ, ਵੀ ਪਾਠ ਕਰਦੇ ਹਨ।

ਇੱਕ ਦਿਨ ਉਹਨਾਂ ਦੇ ਮਿੱਤਰ ਸ. ਸਰਦਾਰਾ ਸਿੰਘ (ਰਿਟਾਇਰਡ ਆਈ. ਏ. ਐਸ.) ਜੋ ਬੜੇ ਸੁਹਿਰਦ, ਨਿਮਰ ਅਤੇ ਕਾਮਯਾਬ ਸਰਕਾਰੀ ਅਫ਼ਸਰ ਦੇ ਤੌਰ ਤੇ ਜਾਣੇ ਜਾਂਦੇ ਰਹੇ ਹਨ, ਉਹਨਾਂ ਦੇ ਘਰ ਆਏ। ਉਹ ਘਰ ਵਿਚਲੀਆਂ ਸੁੰਦਰ ਪਉੜੀਆਂ ਵੇਖ ਕੇ ਕਹਿਣ ਲੱਗੇ- “ਭੈਣ ਜੀ, ਇਹਨਾਂ ਪਉੜੀਆਂ ਰਾਹੀਂ ਜਦੋਂ ਵੀ ਉਪਰ ਜਾਓ ਤਾਂ ‘ਵਾਹਿਗੁਰੂ ਵਾਹਿਗੁਰੂ’ ਕਰਿਆ ਕਰੋ ਅਤੇ ਜਦੋਂ ਹੇਠਾਂ ਆਓ ਤਾਂ ਵੀ ‘ਵਾਹਿਗੁਰੂ ਵਾਹਿਗੁਰੂ’ ਕਰਿਆ ਕਰੋ।”

ਜਦੋਂ ਇਹ ਗੱਲ ਮੈਨੂੰ ਭੈਣ ਜੀ ਅਮਰਜੀਤ ਕੌਰ ਨੇ ਦੱਸੀ ਤਾਂ ਪਉੜੀਆਂ ਬਾਰੇ ਮੇਰਾ ਨਜ਼ਰੀਆ ਬਦਲ ਗਿਆ। ਪਹਿਲਾਂ ਮੈਂ ਪਉੜੀਆਂ ਚੜ੍ਹਨ ਤੇ ਬੜਾ ਦੁੱਖੀ ਹੁੰਦਾ ਸਾਂ।

ਮੇਰਾ ਦਫ਼ਤਰ ਸੱਤਵੀਂ ਮੰਜ਼ਲ ਉਪਰ ਹੈ। ਪੂਰੀਆਂ 154 ਪਉੜੀਆਂ ਹਨ। ਜੇ ਕਿਤੇ ਲਿਫਟ ਖ਼ਰਾਬ ਹੋ ਜਾਂਦੀ ਤਾਂ ਲਿਫਟਮੈਨ ਨੂੰ ਮਾੜਾ ਚੰਗਾ ਬੋਲਣਾ, ਦਫ਼ਤਰ ਦੇ ਅਧਿਕਾਰੀਆਂ ਨੂੰ ਘਟੀਆ ਲਿਫਟਾਂ ਲਗਾਉਣ ਲਈ ਕੋਸਣਾ, ਫਿਰ ਕੁਰਪਸ਼ਨ ਤੇ ਫਿਰ ਸਾਰੇ ਪ੍ਰਬੰਧ ਦੇ ਮਾੜਾ ਹੋਣ ਤੇ ਗੱਲ ਪਹੁੰਚ ਜਾਣੀ। ਆਪਣੇ ਦਫ਼ਤਰ ਤੱਕ ਹਫ਼ਦਿਆਂ-ਹਫ਼ਦਿਆਂ ਪਹੁੰਚਣਾ। ਮੂਡ ਖ਼ਰਾਬ ਅਤੇ ਇਂਜ ਸਾਰਾ ਦਿਨ ਬਰਬਾਦ ਹੋ ਜਾਣਾ।

ਪਰ ਹੁਣ ਪਉੜੀਆਂ ਬਾਰੇ ਮੈਂ ਚੰਗਾ ਸੋਚਦਾ ਹਾਂ। ਜੇ ਪਉੜੀਆਂ ਚੜ੍ਹਨੀਆਂ ਪੈਣ ਤਾਂ ਹਰ ਪਉੜੀ ਤੇ ਵਾਹਿਗੁਰੂ ਵਾਹਿਗੁਰੂ ਕਰਦਾ ਹਾਂ। ਇਹ ਖ਼ਿਆਲ ਆਉਂਦਾ ਹੈ ਕਿ ਪਉੜੀਆਂ ਚੜ੍ਹਨਾ ਸਰੀਰ ਲਈ ਬੜੀ ਚੰਗੀ ਕਸਰਤ ਹੈ। ਪਉੜੀਆਂ ਤੋਂ ਮੈਨੂੰ ਜਪੁਜੀ ਸਾਹਿਬ ਦੀਆਂ ਪਉੜੀਆਂ ਯਾਦ ਆ ਜਾਂਦੀਆਂ ਹਨ। ਨਾਲ ਹੀ ਯਾਦ ਆਉਂਦੀ ਹੈ ਜਪੁਜੀ ਸਾਹਿਬ ਦੀ ਬਤੀਵੀਂ ਪਉੜੀ ਜਿਸ ਵਿੱਚ ਇਹ ਤੁਕ ਹੈ:

*ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ*

ਇਸ ਪਉੜੀ ਵਿੱਚ ਨਾਮ ਸਿਮਰਨ ਵਾਲੀਆਂ ਪਉੜੀਆਂ ਚੜ੍ਹ ਕੇ ਪ੍ਰਮਾਤਮਾ ਨਾਲ ਇਕ ਮਿਕ ਹੋਣ ਦੀ ਗੱਲ ਕੀਤੀ ਹੋਈ ਹੈ।

ਹੁਣ ਤਾਂ ਜਦੋਂ ਕਿਤੇ ਵੀ ਪਉੜੀਆਂ ਦੇਖਾਂ, ਖੁਸ਼ੀ ਹੁੰਦੀ ਹੈ। ਪਉੜੀਆਂ ਦਾ ਧੰਨਵਾਦ ਕਰਦਾ ਹਾਂ ਕਿ ਇਹ ਮੈਨੂੰ ਮੇਰੀ ਮੰਜ਼ਲ ਤੱਕ ਪਹੁੰਚਾਉਂਦੀਆਂ ਹਨ। ਮੇਰੇ ਕੋਲੋਂ ਸਿਮਰਨ ਕਰਾਉਂਦੀਆਂ ਹਨ।

ਬਹੁਤ ਬਹੁਤ ਧੰਨਵਾਦ ਹੈ ਪਉੜੀਆਂ ਦਾ।

# ਕੁਰਬਾਣੁ ਜਾਈ ਉਸੁ ਵੇਲਾ ਸੁਹਾਵੀ

ਰਮੇਸ਼ ਸਿੰਘ
C-131, Sonari West, Jamshedpur - 831 011

ਮੇਰੀ ਕੁਝ ਆਦਤ ਹੀ ਬਣ ਗਈ ਹੈ ਸ਼ਿਕਾਇਤਾਂ ਕਰਨ ਦੀ ਜਦ ਕਿ ਗੁਰੂ ਦਾ ਹੁਕਮ ਹੈ, ਸਿੱਖਿਆ ਹੈ ਕਿ ਸ਼ਿਕਾਇਤ ਨਹੀਂ ਕਰਨੀ, "*ਉਲਾਹਨੋ ਮੈ ਕਾਹੂ ਨ ਦੀਓ*" (ਪੰਨਾ 987), ਕਿਉਂਕਿ ਜੋ ਕੁਛ ਹੋ ਰਿਹਾ ਹੈ ਉਹ ਪ੍ਰਭੂ ਦੇ ਭਾਣੇ ਵਿੱਚ ਹੈ, ਜੋ ਹੋਇਆ ਸੀ ਉਸਦੇ ਹੁਕਮ ਅੰਦਰ ਸੀ ਤੇ ਜੋ ਹੋਵੇਗਾ ਉਹ ਵੀ ਉਸ ਰਜ਼ਾ ਵਿੱਚ ਹੀ ਹੋਵੇਗਾ ਤੇ ਕਿਉਂਕਿ ਉਹ ਪੂਰਨ ਹੈ, perfect ਹੈ, ਅਭੁਲ ਹੈ ਉਹਦੀ planning ਤੇ timing ਬਿਲਕੁਲ ਸਹੀ ਹੁੰਦੀ ਹੈ, ਇਸ ਲਈ ਗੁਰੂ ਸਾਹਿਬ ਆਖਦੇ ਹਨ - "*ਮਨ ਮੀਠ ਤੁਹਾਰੋ ਕੀਓ*" (ਪੰਨਾ 978), "*ਨਾਨਕ ਰਹਣੁ ਰਜਾਈ*" (ਪੰਨਾ 6), ਭਾਵੇਂ ਉਹ ਪਛਮ ਦੀ ਬਜਾਇ ਪੂਰਬ ਲੈ ਜਾਏ, ਭਾਵੇਂ ਸਾਡੀ ਸਾਰੀ planning fail ਕਰ ਦੇਵੇ, ਅਸੀਂ ਜੋ ਚਾਹੁੰਦੇ ਹਾਂ ਉਸਦੇ ਪੂਰਨ ਵਿਪਰੀਤ ਕਰ ਦੇਵੇ, ਕਿਸੇ ਨੂੰ ਲਾ-ਇਲਾਜ ਬੀਮਾਰੀ ਚਮੁਟ ਜਾਵੇ, ਅਮੀਰੀ ਤੇ "ਅਖੌਤੀ ਸੁਖ" ਵਾਪਸ ਲੈ ਕੇ "ਅਖੌਤੀ ਦੁਖ" ਦੇ ਦਿਨ ਲੈ ਆਵੇ, ਉਹ ਜੋ ਕੁਝ ਵੀ ਕਰੇ ਸਿੱਖ ਨੇ ਉਸਦੀ ਰਜ਼ਾ ਵਿੱਚ ਰਾਜ਼ੀ ਰਹਿਣਾ ਹੈ (ਦੁਖ ਵਿੱਚ ਸੁਖ ਮਨਾਈ) ਤੇ ਹਰ ਵੇਲੇ ਸ਼ੁਕਰ ਸ਼ੁਕਰ ਕਰਨਾ ਹੈ, ਅਤੇ ਪ੍ਰਭੂ ਦੇ ਗੀਤ ਗਾਣੇ ਹਨ ਬੇਫਿਕਰ ਹੋ ਕੇ "*ਕਹੁ ਨਾਨਕ ਕਰਤੇ ਕੀਆ ਬਾਤਾ...*" (ਪੰਨਾ 469), ਕਿਉਂਕਿ ਜੋ ਕੁਛ ਕਰਨਾ ਲੋੜੀਂਦਾ ਹੈ ਉਹ ਪ੍ਰਭੂ ਕਰ ਰਿਹਾ ਹੈ "*... ਜੋ ਕਿਛੁ ਕਰਨਾ ਸੁ ਕਰਿ ਰਹਿਆ*" (ਪੰਨਾ 469)।

ਪ੍ਰਭੂ ਕਿਰਪਾ ਕਰੇ ਤਾਂ ਗੁਰੂ ਦੀ ਸਿੱਖਿਆ ਸਿੱਖ ਅੰਦਰ ਦ੍ਰਿੜ ਹੁੰਦੀ ਹੈ, "ਕਹੁ ਨਾਨਕ ਗੁਰਿ ਮੰਤ੍ਰ ਦ੍ਰਿੜਾਇਆ" (ਪੰਨਾ 188) ਤੇ ਗੁਰੂ ਤੋਂ ਪ੍ਰਾਪਤ ਸੋਝੀ ਉਸਨੂੰ ਇਹ ਦ੍ਰਿਸ਼ਟੀ ਬਖਸ਼ਦੀ ਹੈ ਕਿ ਉਹ ਪ੍ਰਭੂ ਦੀ ਰਜ਼ਾ ਦਾ ਸੁਖ ਚਖਿਆ ਹੋਣ ਕਰਕੇ, ਤੇ ਹਰ ਵੇਲੇ ਅੱਖਾਂ ਖੋਲ੍ਹ ਕੇ ਪ੍ਰਭੂ ਦਾ ਖੇਲ ਵੇਖ-ਵੇਖ ਕੇ ਅਨੰਦ ਮਾਣਦਾ ਹੈ। ਇਸ ਖੇਲ ਵਿੱਚ ਜੋ ਮਜ਼ਾ ਹੈ, ਜੋ ਅਨੰਦ ਹੈ, ਰਸ ਹੈ ਖੇੜਾ ਹੈ, ਉਹ ਨਿਰੰਤਰ (ceaseless) ਹੈ, "*... ਸੁਖ ਪਾਇਓ ਦਿਨ ਰਾਤਿ*" (ਪੰਨਾ 681), "*ਦਿਨੁ ਰੈਣਿ ਰਲੀਆ ਕਰੇ ਕਾਮਣਿ...*" (ਪੰਨਾ 247) ਵਾਲਾ ਸਦੀਵੀ ਸੁਖ ਹੈ ਕਿਉਂਕਿ ਉਸ ਸੁਹਾਗਣ ਦਾ ਸੁਹਾਗ ਨ ਕਦੇ ਮਰਦਾ ਹੈ, ਨਾ ਛਡ ਕੇ ਜਾਂਦਾ ਹੈ, ਨਾ ਧੋਖਾ ਦੇਂਦਾ ਹੈ, ਨਾ ਹੀ ਦੁਖ ਦੇਣਾ ਜਾਣਦਾ ਹੈ। ਉੱਥੇ ਨਾ ਕੋਈ ਭਰਮ ਹੈ, ਨਾ ਅੰਦੇਸ਼ਾ ਹੈ, ਨਾ ਭਉ ਹੈ, ਨਾ ਵੈਰ-ਵਿਰੋਧ ਹੈ, ਨਾ ਕਲੇਸ਼ ਹੈ, ਨਾ ਸਾੜਾ ਹੈ, ਉੱਥੇ ਤਾਂ ਸਰਬੱਤ ਦਾ ਭਲਾ ਹੋਣ ਕਰਕੇ ਆਪਣਾ ਵੀ ਭਲਾ ਹੀ ਭਲਾ ਹੈ, ਭਾਵੇਂ ਸਾਡੀ ਸਮਝ ਨਾ ਆਵੇ।

ਕੁਝ ਇਸੇ ਤਰ੍ਹਾਂ ਦਾ ਅਨੁਭਵ ਵੇਖਿਆ, ਸੁਣਿਆ, ਮਾਣਿਆ ਜਦੋਂ ਕੁਝ ਦਿਨ ਪਹਿਲਾਂ ਜਮਸ਼ੇਦਪੁਰ ਹੋਣ ਵਾਲਾ ਸਤਿਸੰਗ ਅਚਾਨਕ ਆਖਿਰੀ ਸਮੇਂ ਕੈਂਸਲ ਹੋ ਗਿਆ ਕਿਉਂਕਿ ਸਾਡੇ ਪੂਜਨੀਕ ਸੀਨੀਅਰ ਸਤਿਸੰਗੀ ਬੀਮਾਰ ਹੋ ਗਏ। ਪ੍ਰੋਗਰਾਮ ਇਸ ਤਰ੍ਹਾਂ ਉਲੀਕਿਆ ਗਿਆ ਸੀ ਕਿ ਉਨ੍ਹਾਂ ਆਪਣੇ ਟਿਕਾਣੇ ਤੋਂ ਮੁੰਬਈ ਜਾਣਾ ਸੀ ਤੇ ਫਿਰ 7-15 ਅਕਤੂਬਰ ਇੱਥੇ ਆਉਣਾ ਸੀ ਸਤਿਸੰਗ ਲਈ। ਪ੍ਰਭੂ ਦੀ ਖੇਡ ਵਰਤੀ, ਹਰ ਹਾਲ ਵਿੱਚ ਸੁਖ ਦੇਣ ਵਾਲੇ ਪ੍ਰਭੂ -ਜਿਸਨੂੰ ਅਸੀਂ ਕਦੇ ਵੀ deserve ਨਹੀਂ ਕਰ ਸਕਦੇ, ਪਰ ਉਸਦੀ ਸਾਨੂੰ ਸਦਾ ਲੋੜ ਹੈ- ਨੇ ਆਪਣੀ perfect planning ਵਿਖਾਣੀ (unfold) ਸ਼ੁਰੂ ਕੀਤੀ। ਸੀਨੀਅਰ ਸਤਿਸੰਗੀ, ਜੋ ਆਪਣੇ ਟਿਕਾਣੇ ਵਾਲੀ ਥਾਂ ਤੇ ਇਕੱਲੇ ਹੀ ਰਹਿੰਦੇ ਹਨ, ਦੇਖਭਾਲ (personal care) ਕਰਨ ਵਾਲਾ ਕੋਈ ਨਹੀਂ, ਬੰਬਈ ਰਵਾਨਾ ਹੋਣ ਤੋਂ ਪਹਿਲਾਂ ਹੀ ਬੁਖਾਰ ਚੜ੍ਹ ਗਿਆ। ਪ੍ਰਭੂ ਨੇ ਪ੍ਰੇਰਣਾ ਕੀਤੀ, ਮੁੰਬਈ ਦਾ ਦੌਰਾ ਜਾਰੀ ਰਿਹਾ, ਉਨ੍ਹਾਂ ਦਾ ਸਤਿਸੰਗੀ ਡਾਕਟਰ (ਸਰਜਨ) ਬੇਟਾ, ਆਪਣੇ ਘਰ ਲੈ ਗਿਆ ਤੇ ਉਨ੍ਹਾਂ ਦਾ ਇਲਾਜ ਤੇ ਦੇਖਭਾਲ ਜਿਸ ਪਿਆਰ ਤੇ ਸ਼ਰਧਾ ਨਾਲ ਕੀਤੀ ਉਹ ਪੈਸੇ ਦੇ ਕੇ ਵੀ ਕਿਸੇ VIP ਨੂੰ ਨਸੀਬ ਨਹੀਂ ਹੋ ਸਕੇਗੀ। ਸੁਭਾਵਿਕ ਸੀ ਕਿ ਪਹਿਲਾਂ ਮਲੇਰੀਆ ਤੇ ਫਿਰ ਟਾਈਫਾਈਡ ਕਾਰਣ ਜਮਸ਼ੇਦਪੁਰ ਦਾ ਸਤਿਸੰਗ ਕੈਂਸਲ ਕਰਨਾ ਪਿਆ। ਪਰ ਸਾਡੀਆਂ ਸਾਰੀਆਂ ਲੋੜਾਂ ਜਾਨਣ ਵਾਲੇ ਪ੍ਰਭੂ ਨੇ, ਦਿੱਲੀ ਤੇ ਜਮਸ਼ੇਦਪੁਰ ਤੋਂ ਸਤਿਸੰਗੀ ਉਨ੍ਹਾਂ ਦੇ ਟਿਕਾਣੇ ਵਾਲੇ ਸ਼ਹਿਰ ਭੇਜ ਦਿੱਤੇ, ਤੇ ਰਹਿਮਤਾਂ ਦੇ ਭੰਡਾਰ ਨੇ ਸਾਰਿਆਂ ਤੇ ਰਹਿਮ ਕੀਤੀ- ਜਿਨ੍ਹਾਂ ਨੂੰ ਦੇਖਭਾਲ ਦੀ ਲੋੜ ਸੀ, ਉਨ੍ਹਾਂ ਦੀ ਦੇਖਭਾਲ, ਇੰਤਜ਼ਾਮ ਕੀਤਾ, ਜਿਨ੍ਹਾਂ ਨੂੰ ਸੇਵਾ ਦਾ ਚਾਅ ਸੀ ਉਨ੍ਹਾਂ ਨੂੰ ਸੇਵਾ ਬਖਸ਼ੀ ਤੇ ਸਾਰਿਆਂ ਨੂੰ ਸਤਿਸੰਗ ਦੀ ਲੋੜ ਸੀ, ਸੁ ਸੰਗਤ ਇਕਤ੍ਰ ਕਰ ਕੇ ਸਤਿਸੰਗ ਬਖਸ਼ਿਆ। ਮਤਲਬ, ਜੋ-ਜੋ ਕੁਝ ਕਰਨ ਦੀ ਲੋੜ ਸੀ, ਉਹ ਪ੍ਰਭੂ ਨੇ ਆਪ plan programme ਤੇ execute ਕੀਤਾ ਸਰਵੋਤਮ ਤਰੀਕੇ ਨਾਲ। ਸੀਨੀਅਰ ਸਤਿਸੰਗੀ ਜੀ ਦਾ ਟਿਕਾਣਾ ਰੋਗੀਆਂ ਦੇ ਇੱਕ ਵੱਡੇ Treatment Rehabilitating

Centre ਵਿੱਚ ਹੈ, ਸੁ ਰੋਗੀਆਂ ਨਾਲ ਪ੍ਰਭੂ ਦਾ ਪਿਆਰ ਵੰਡਾਣਾ ਸਤਿਸੰਗ ਦਾ ਇੱਕ ਅਹਿਮ ਹਿੱਸਾ ਸੀ। ਸਤਿਸੰਗ ਵਿੱਚ ਮਾਣੇ ਰੰਗ ਦੀ ਕੁਝ ਰੰਗਤ ਸਾਰੀ ਸੰਗਤ ਨਾਲ ਮਾਨਣ ਦੀ ਖ਼ੁਸ਼ੀ ਲੈ ਰਿਹਾ ਹਾਂ।

**1. ਬਰਥਡੇ (Birthday) ਕੀ ਹੈ ਤੇ ਕਿਵੇਂ ਮਨਾਈਦਾ ਹੈ :** ਦੁਨੀਆਂ ਮਨਾਂਦੀ ਹੈ ਬਰਥਡੇ (ਜਨਮਦਿਨ) ਮੋਮਬੱਤੀਆਂ ਫੂਕ ਕੇ, ਉਸ ਦਿਨ ਦੀ ਯਾਦ ਵਿੱਚ ਜਿਸ ਦਿਨ ਉਨ੍ਹਾਂ ਦਾ ਪਿਆਰਾ ਇਸ ਦੁਨੀਆਂ ਤੇ ਆਇਆ ਸੀ। ਗੁਰੂ ਸਾਹਿਬ ਕਹਿੰਦੇ ਹਨ ਕਿ ਦੁਨੀਆਵੀ ਜਨਮ ਦਿਨ ਕਿਸ ਕੰਮ ਦੇ ਜੇ ਪ੍ਰਭੂ ਦਾ ਨਾਮ ਜਪ ਕੇ ਜ਼ਿੰਦਗੀ ਸਾਰਥਕ ਨਹੀਂ ਕੀਤੀ -*"ਅਵਤਰਿ ਆਇ ਕਹਾ ਤੁਮ ਕੀਨਾ॥ ਰਾਮ ਕੋ ਨਾਮੁ ਨ ਕਬਹੁ ਲੀਨਾ"* (ਪੰਨਾ 792) ਤੇ ਨਾਮਹੀਨ ਬਰਥਡੇ ਸਾਡੇ ਮੂੰਹ ਤੇ ਕਾਲਖ ਹੀ ਮਲਦੇ ਹਨ,*"ਨਾਮਹੀਨ ਕਾਲਖ ਮੁਖਿ ਮਾਇਆ"* (ਪੰਨਾ 366) ਤੇ ਇਸ ਦੁਨੀਆਂ ਤੇ ਸਾਡਾ ਜੀਵਨ ਅਰਥਹੀਨ ਤੇ ਧਰਤੀ ਤੇ ਬੋਝ ਹੋ ਨਿਬੜਦਾ ਹੈ:

*"ਨਾਮ ਬਿਨਾ ਧ੍ਰਿਗ ਧ੍ਰਿਗ ਜੀਵਾਇਆ"*

(ਪੰਨਾ 367)

*"... ਵਿਸਰਿਆ ਜਿਨੁ ਨਾਮੁ ਤੇ ਭੁਇ ਭਾਰੁ ਥੀਏ"*

(ਪੰਨਾ 488)

ਅਸੀਂ ਸਰਵੋਤਮ ਤੇ ਦੁਰਲਭ ਮਨੁਖਾ ਜੋਨੀ ਪਾ ਕੇ ਵੀ ਜਾਨਵਰਾਂ ਦੀ ਜ਼ਿੰਦਗੀ ਜੀਉਂਦੇ ਤੇ ਇਸ ਅਮੋਲਕ ਜੀਵਨ ਨੂੰ ਕੌਡੀਆਂ ਦੇ ਭਾ ਰੋਲ ਕੇ ਖਾਲੀ ਹੱਥ ਚਲੇ ਜਾਂਦੇ ਹਾਂ।

ਦੂਜੇ ਪਾਸੇ, ਜੇ ਪ੍ਰਭੂ ਕਿਰਪਾ ਸਦਕਾ ਗੁਰੂ ਚਰਣਾਂ ਤੇ ਸਿੱਖ ਦਾ ਮੱਥਾ ਟਿਕ ਜਾਵੇ ਤੇ ਇਸ ਵਿੱਚੋਂ ਉਸਨੂੰ ਨਵਾਂ ਜੀਵਨ ਮਿਲ ਜਾਏ ਤਾਂ ਇਹ ਬਰਥਡੇ ਫਿਰ ਕਮਾਲ ਦਾ ਹੋ ਨਿਬੜਦਾ ਹੈ ਤੇ ਸਿੱਖ ਦੀ ਜ਼ਿੰਦਗੀ ਸਾਰਥਕ ਹੋ ਜਾਂਦੀ ਹੈ। ਉਹ ਇੱਥੇ ਵੀ ਮੌਜਾਂ ਕਰਦਾ ਹੈ ਤੇ ਨਾਮੀ ਜੀਵਨ ਜੀ ਕੇ ਆਪਣਾ ਅੱਗਾ ਵੀ ਸੁਆਰ ਲੈਂਦਾ ਹੈ। ਇਸ ਬਰਥਡੇ ਵੱਲ ਗੁਰੂ ਸਾਹਿਬ ਨੇ ਇੰਜ ਇਸ਼ਾਰਾ ਕੀਤਾ ਹੈ -

*"ਕੁਰਬਾਣੁ ਜਾਈ ਉਸ ਵੇਲਾ ਸੁਹਾਵੀ*
*ਜਿਤੁ ਤੁਮਰੈ ਦੁਆਰੈ ਆਇਆ"*

(ਪੰਨਾ 749)

*"ਜਬ ਤੇ ਦਰਸਨ ਭੇਟੇ ਸਾਧੂ*
*ਭਲੇ ਦਿਨਸ ਓਇ ਆਏ"*

(ਪੰਨਾ 671)

ਪ੍ਰਭੂ ਕਿਰਪਾ, ਸਾਨੂੰ ਸਤਿਸੰਗ ਪ੍ਰਵਾਸ ਦੌਰਾਨ ਇੱਕ ਗੁਰਮੁਖ ਦਾ ਗੁਰੂ ਚਰਣਾਂ ਤੇ ਨਵੇਂ ਜਨਮ ਵਾਲਾ ਜਨਮਦਿਨ ਮਨਾਣ ਦਾ ਸੁਭਾਗ ਪ੍ਰਾਪਤ ਹੋਇਆ। ਸਿੱਖ ਨੇ ਅੰਮ੍ਰਿਤ ਵੇਲੇ ਰੋ-ਰੋ ਕੇ ਗੁਰੂ ਦਾ ਸ਼ੁਕਰਾਨਾ ਕੀਤਾ।

*"ਜੈਸਾ ਸਤਿਗੁਰ ਸੁਣੀਦਾ ਤੈਸੋ ਹੀ ਮੈ ਡੀਠ॥..."*

(ਪੰਨਾ 957)

*"ਸਤਿਗੁਰੁ ਮੇਰਾ ਸਦਾ ਦਇਆਲਾ*
*ਮੋਹਿ ਦੀਨ ਕਉ ਰਾਖਿ ਲੀਆ॥*
*ਕਾਟਿਆ ਰੋਗੁ ਮਹਾਸੁਖੁ ਪਾਇਆ*
*ਹਰਿ ਅੰਮ੍ਰਿਤੁ ਮੁਖਿ ਨਾਮੁ ਦੀਆ॥"*

(ਪੰਨਾ 383)

*"ਨਾਮੁ ਅਉਖਧੁ ਮੋਕਉ ਸਾਧੂ ਦੀਆ*
*ਕਿਲਬਿਖ ਕਾਟੇ ਨਿਰਮਲ ਥੀਆ॥*
*ਅਨਦੁ ਭਇਆ ਨਿਕਸੀ ਸਭ ਪੀਰਾ*
*ਸਗਲ ਬਿਨਾਸੇ ਦਰਦਾ ਜੀਉ॥"*

(ਪੰਨਾ 101)

*"ਅਗਨਿ ਸਾਗਰ ਤੇ ਕਾਢਿਆ*
*ਪ੍ਰਭਿ ਜਲਨ ਬੁਝਾਈ..."*

(ਪੰਨਾ 814)

ਤੇ ਅਰਜੋਈਆਂ ਕੀਤੀਆਂ (1) ਸਾਰੀ ਲੁਕਾਈ ਦੇ ਭਲੇ ਲਈ

*"ਕਿਰਪਾ ਕਰਿ ਕੈ ਸੁਨਹੁ ਪ੍ਰਭ*
*ਸਭ ਜਗ ਮਹਿ ਵਰਸੈ ਮੇਹੁ"*

(ਪੰਨਾ 652)

ਅਤੇ

(2) ਸਿੱਖੀ ਜੀਵਨ ਪਲ-ਪਲ ਜੀਣ ਲਈ,

*"ਮੇਰੇ ਸਤਿਗੁਰਾ ਮੈ ਹਰਿ ਹਰਿ ਨਾਮੁ ਦ੍ਰਿੜਾਇ॥*
*ਮੇਰਾ ਮਾਤ ਪਿਤਾ ਸੁਤ ਬੰਧਪੋ*
*ਮੈ ਹਰਿ ਬਿਨੁ ਅਵਰੁ ਨਾ ਮਾਇ"*

(ਪੰਨਾ 990)

*"ਨਿਬਾਹਿ ਲੇਹੁ ਮੋਕਉ ਪੁਰਖ ਬਿਧਾਤੇ*
*ਓੜਿ ਪਹੁਚਾਵਹੁ ਦਾਤੇ"*

(ਪੰਨਾ 209)

*"ਅਜਹੁ ਸੁ ਨਾਉ ਸਮੁੰਦ੍ਰ ਮਹਿ*
*ਕਿਆ ਜਾਨਉ ਕਿਆ ਹੋਇ"*

*"ਆਜ ਮੇਰੀ ਸਾਲਗਿਰਹ ਹੈ ਰਹਿਮਤ ਕਰ ਦੋ।*
*ਮੇਰੀ ਕਿਸਮਤ ਮੇਂ ਸ਼ਹੀਦੀ ਕਾ ਵਰਦਾਨ ਲਿਖ ਦੋ।"*

ਬਰਥਡੇ ਕੇਕ ਕਟਣ ਦੀ ਬਜਾਇ ਅਸਾਂ ਸਾਰਿਆਂ ਰਲ

ਕੇ ਕੋਹੜ ਦੇ ਅਪਾਹਿਜ ਮਰੀਜ਼ਾਂ ਵਿੱਚ ਖਾਣ-ਪੀਣ ਦੀਆਂ ਕੁਝ ਚੀਜਾਂ ਵੰਡੀਆਂ ਤੇ ਉਨ੍ਹਾਂ ਦੀ ਅਸੀਸ ਪ੍ਰਾਪਤ ਕੀਤੀ। ਇੱਕ ਗਰੀਬ ਬੱਚੀ ਜਿਸਨੇ ਕਿਸੇ ਕਾਰਣ ਆਪਣੇ ਨਾਲ ਦਿਆਂ ਤੋਂ ਨਾਰਾਜ਼ ਹੋ ਕੇ ਸਵੇਰ ਤੋਂ ਰੋਟੀ ਨਹੀਂ ਸੀ ਖਾਧੀ, ਉਸਨੂੰ ਪ੍ਰੇਰ ਕੇ ਰੋਟੀ ਖੁਆਈ, ਬੱਚਿਆਂ ਤੇ ਮਰੀਜਾਂ ਦੇ ਵਾਰਡ ਵਿੱਚ ਟਾਫੀਆਂ ਵੰਡੀਆਂ ਤੇ ਇਸ ਤਰ੍ਹਾਂ ਗੁਰਸਿੱਖੀ ਤਰੀਕੇ ਨਾਲ ਬਰਥਡੇ ਮਨਾਇਆ। ਮੈਂ ਸੋਚ ਰਿਹਾ ਸਾਂ, ਮੇਰਾ ਵੀ ਕਦੇ ਜਨਮ ਹੋਵੇਗਾ ਕਿ ਬਿਨਾ ਜਨਮੇ ਹੀ ਮਰ ਜਾਵਾਂਗਾ।

2 **ਗੁਰਸਿੱਖੀ ਜੀਵਨ ਜਾਚ** : ਜੇ ਸਿੱਖ ਗੁਰੂ ਹੁਕਮਾਂ ਅਨੁਸਾਰ ਨਾਮ ਦਾ ਜੀਵਨ ਜੀਊਂਦਾ ਹੈ ਤਾਂ ਉਹ ਸਹਿਜੇ ਹੀ ਸਾਰਿਆਂ ਤੋਂ ਨਿਆਰਾ ਹੋ ਨਿਬੜਦਾ ਹੈ ਕਿਉਂਕਿ ਉਹ ਇਸ ਦੁਨੀਆਂ ਤੇ ਗੁਰੂ ਨਾਨਕ ਦੇ ਪਿਆਰ ਦਾ ਦੂਤ ਬਣ ਕੇ ਵਿਚਰਦਾ ਹੈ ਤੇ ਪਿਆਰੇ ਦਾ ਪਿਆਰਾ ਹੋਣ ਕਰਕੇ ਪਿਆਰ ਹੀ ਬੀਜਦਾ ਹੈ ਪਿਆਰ ਹੀ ਵੰਡਦਾ ਹੈ। ਜਿੱਥੇ ਕਿਤੇ ਨਫਰਤ ਹੁੰਦੀ ਹੈ ਉੱਥੇ ਉਹ ਪਿਆਰ ਬੀਜਦਾ ਹੈ, ਜਿੱਥੇ ਕੋਈ ਦੁਖਿਆਰਾ ਕਿਸੇ ਦੇ ਬਖਸ਼ੇ ਜਖਮਾਂ ਕਰ ਕੇ ਦੁਖੀ ਹੈ ਉੱਥੇ ਉਹ ਖਿਮਾ ਬੀਜਦਾ ਹੈ, ਜਿੱਥੇ ਕੋਈ ਉਦਾਸ ਬੈਠਾ ਹੈ ਉਸਨੂੰ ਉਹ ਖੁਸ਼ੀ ਬਖਸ਼ਦਾ ਹੈ, ਉੱਥੇ ਮੁੜ ਪ੍ਰਭੂ ਤੇ ਸਿਦਕ ਦ੍ਰਿੜ ਕਰਾਂਦਾ ਹੈ ਤੇ ਜਿੱਥੇ ਆਗਿਆਨਤਾ ਦਾ ਹਨੇਰਾ ਹੈ ਉੱਥੇ ਨਾਮ ਦੀਵਾ ਬਾਲ ਕੇ ਰੋਸ਼ਨੀ ਕਰ ਦੇਂਦਾ ਹੈ। ਇਸ ਤਰ੍ਹਾਂ ਉਹ ਗੁਰੂ ਤੋਂ ਪ੍ਰਾਪਤ ਨਾਮ ਦੀ ਖੁਸ਼ਬੋ ਆਪਣੇ ਆਲੇ-ਦੁਆਲੇ ਬਿਖੇਰਦਾ ਹੈ ਕਿਉਂਕਿ ਉਸਦਾ ਜੀਵਨ ਗੁਲਾਬ ਫੁਲ ਵਾਂਗ ਹੁੰਦਾ ਹੈ। ਉਸਦੀ ਸ਼ੋਭਾ ਸੁਣ ਕੇ ਮਨ ਹਰਾ-ਭਰਾ ਹੋ ਜਾਂਦਾ ਹੈ, "*ਤਿਸ ਕੀ ਸੋਇ ਸੁਣੀ ਮਨੁ ਹਰਿਆ*" (ਪੰਨਾ 403)।

ਐਸੇ ਹੀ ਇੱਕ ਗੁਰਸਿੱਖ ਦਰਸ਼ਨਾਂ ਦਾ ਉੱਥੇ ਸੁਭਾਗ ਪ੍ਰਾਪਤ ਹੋਇਆ ਜੋ ਰਾਹ ਜਾਂਦੇ ਠੰਢ ਵੰਡਦੇ ਹਨ। ਕਿਸੇ ਗਰੀਬ ਮਰੀਜ ਨੂੰ ਪੈਸੇ ਦੀ ਮਦਦ ਕਰਨੀ, ਕਿਸੇ ਨੂੰ ਉਸਦੀ ਮਨਭਾਵਨ ਖਾਣ ਦੀ ਚੀਜ਼ ਲੈ ਦੇਣੀ, ਕਿਸੇ ਦੇ ਘਰ ਕਿਸੇ ਫਸਾਦ ਕਾਰਣ ਉਤਪੰਨ ਕੜਵਾਹਟ ਨੂੰ ਨਾਮ ਦੀ ਮਿਠਾਸ ਵਿੱਚ ਘੋਲਣ ਦੀ ਕੋਸ਼ਿਸ਼ ਸਾਰਿਆਂ ਨੂੰ "ਪਹਿਰੇ ਖਿਮਾ ਸੀਗਾਰ" ਦੀ ਪੜ੍ਹਾਈ ਦੁਆਰਾ ਸਿੱਖਿਆ ਦੇ ਕੇ ਕਰਨੀ ਤਾਂ ਜੋ ਹਮੇਸ਼ਾਂ ਲਈ ਠੰਢ ਵਰਤ ਜਾਏ, ਜੋ ਵੀ ਸੰਪਰਕ ਵਿੱਚ ਆਏ ਉਸਨੂੰ ਨਾਮ ਦਾ ਜੀਵਨ ਜੀਣ ਦੀ ਪ੍ਰੇਰਣਾ ਕਰਨੀ ਤਾਂ ਜੋ ਅਨਮੋਲ ਜੀਵਨ ਸਫ਼ਲ ਹੋ ਜਾਏ। ਇੱਕ ਦਿਨ ਇੱਕ ਨੌਜੁਆਨ ਬੱਚੀ ਆਪਣੇ ਪਿਤਾ ਨਾਲ ਉਨ੍ਹਾਂ ਕੋਲ ਆਈ, ਆਪਣੀ ਨਵੀਂ ਦੁਕਾਨ ਦੇ ਉਦਘਾਟਨ (ਉਹ interior decoration ਦਾ ਕੰਮ ਸ਼ੁਰੂ ਕਰਨ ਜਾ ਰਹੀ ਸੀ) ਤੇ ਆਮੰਤ੍ਰਿਤ ਕਰਨ ਲਈ। ਉਨ੍ਹਾਂ ਬੱਚੀ ਤੇ ਪਿਤਾ ਦੁਹਾਂ ਨੂੰ ਸਮਝਾਇਆ- ਤੁਸੀਂ ਦੁਨੀਆਂ ਵਿੱਚ ਸਭ ਤੋਂ ਵੱਧ ਸਫਲ ਹੋ ਸਕਦੇ ਹੋ, ਪਰ ਜੇ ਨਾਮ ਨਹੀਂ ਤਾਂ ਸਾਰਾ ਕੁਝ material ਪਾ ਕੇ ਵੀ ਸੁਖ ਨਹੀਂ ਆਏਗਾ। ਦੂਜੇ ਪਾਸੇ, ਭਾਵੇਂ materially ਕੰਗਾਲ ਹੋਵੇ, ਪਰ ਜੇ ਨਾਮ ਦੀ ਦੌਲਤ ਕੋਲ ਹੋਵੇਗੀ ਤਾਂ ਕਰੋੜਾਂ ਅਨੰਦ ਆਪ ਦੇ ਚਰਣਾਂ ਵਿੱਚ ਰੁਲਣਗੇ। ਉਨ੍ਹਾਂ ਨਿੱਜੀ ਤਜਰਬੇ ਤੋਂ ਦੱਸਿਆ ਕਿ ਪਿਛਲੇ 30 ਸਾਲਾਂ ਦੇ ਗੁਰੂ ਚਰਣਾਂ ਵਿੱਚ ਵਿਚਰਣ ਵਾਲੇ ਜੀਵਨ ਅੰਦਰ, ਮੈਂ ਕਦੇ ਪ੍ਰਭੂ ਤੋਂ ਕੁਝ ਨਹੀਂ ਮੰਗਿਆ, ਫਿਰ ਵੀ ਐਸੀ ਕੋਈ ਚੀਜ ਨਹੀਂ ਜੋ ਮੈਨੂੰ ਨਾ ਮਿਲੀ ਹੋਵੇ, ਹੈ ਨਾ ਕਮਾਲ ਦਾ ਸਿਸਟਮ ਪ੍ਰਭੂ ਦਾ।

3. **"ਤਜਿ ਸਭਿ ਭਰਮ ਭਜਿਓ ਪਾਰਬ੍ਰਹਮ... ਅਟਲ ਇਹੁ ਧਰਮੁ"** (ਪੰਨਾ 196) : "*ਨਾਨਕ ਕੈ ਘਰਿ ਕੇਵਲ ਨਾਮੁ*" (ਪੰਨਾ 1136), ਕੁਝ ਵੀ ਬਾਹਰ ਦੇ ਕਰਮਕਾਂਡ ਗੁਰੂ ਨੂੰ ਪਰਵਾਨ ਨਹੀਂ। ਧਰਮ ਦੇ ਲੇਬਲ ਦੀ ਕੋਈ ਮਹਾਨਤਾ ਨਹੀਂ ਜੇ ਅੰਦਰ ਪਿਆਰ ਨਹੀਂ, ਗੁਰੂ ਸ਼ਬਦ ਦੀ ਕਮਾਈ ਨਹੀਂ। ਭਾਵੇਂ ਕੋਈ ਹਿੰਦੂ ਹੈ, ਮੁਸਲਿਮ ਹੈ, ਇਸਾਈ ਹੈ, ਸਿੱਖ ਹੈ, ਜੈਨੀ ਹੈ, ਬੋਧੀ ਹੈ, ਕਿਸੇ ਵੀ ਧਰਮ ਦਾ ਧਾਰਣੀ ਹੈ, ਗੁਰੂ ਅਰਜਨ ਦੇਵ ਜੀ ਕਹਿੰਦੇ ਹਨ, "*ਕਹੁ ਨਾਨਕ ਜਿਨਿ ਹੁਕਮੁ ਪਛਾਤਾ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ*" (ਪੰਨਾ 885), ਤੇ ਹੁਕਮ ਇੱਕੋ ਹੈ, "*ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ*" (ਪੰਨਾ 72), ਤੇ ਨਾਮ ਦਾ ਅਰਥ ਹੈ ਪ੍ਰਭੂ ਨੂੰ ਜੀਵਨ ਦੀ priority no. 1 (ਸਭ ਤੋਂ ਉਪਰ) ਬਨਾਣਾ। ਜੇ ਪ੍ਰਭੂ ਨਾਲ ਪਿਆਰ ਨਹੀਂ ਤਾਂ ਸਭ ਕੁਛ ਵਿਅਰਥ ਹੈ ਕਿਉਂਕਿ ਗੱਲ ਹੀ ਪਿਆਰ ਦੀ ਹੈ- "*ਦਿਲਹੁ ਮੁਹਬਤਿ ਜਿੰਨ ਸੇਈ ਸਚਿਆ*" (ਪੰਨਾ 488)। ਜਿਸਨੂੰ ਇਹ ਗਲ ਸਮਝ ਆ ਗਈ ਉਸਨੂੰ ਸਾਰੇ ਧਰਮਾਂ ਦੇ ਲੋਕ ਪਿਆਰੇ ਹਨ, ਕੁਦਰਤ ਕੇ ਸਭ ਬੰਦੇ ਹੋਣ ਕਰਕੇ, ਸਾਰੇ ਪੂਜਾ ਅਸਥਾਨ ਤੇ ਪੂਜਾ ਤਰੀਕੇ ਉਸ ਲਈ ਸਤਿਕਾਰਯੋਗ ਹਨ, "*ਦੇਹੁਰਾ ਮਸੀਤ ਸੋਈ, ਪੂਜਾ ਔ ਨਮਾਜ ਓਈ*"। ਇੱਕ ਸਿੱਖ ਨੂੰ ਜਦੋਂ ਇਹ ਕਹਿੰਦਿਆਂ ਸੁਣਿਆ ਤਾਂ ਬਹੁਤ ਅੱਛਾ ਲੱਗਾ ਕਿ "ਜੋ ਵੀ ਇੱਕ ਪ੍ਰਭੂ ਵਿੱਚ ਯਕੀਨ ਕਰਦਾ ਹੈ ਉਹ ਮੇਰਾ ਸਹਿ-ਧਰਮੀ ਹੈ ਭਾਵੇਂ ਉਸਦਾ ਲੇਬਲ ਕੋਈ ਵੀ ਹੋਵੇ।" ਇਸੇ ਤਰ੍ਹਾਂ ਇੱਕ ਗੁਰਮੁਖ 1200 ਰੋਗੀਆਂ ਦੇ ਇੱਕ ਵੱਡੇ centre ਵਿੱਚ

ਰਹਿੰਦੇ ਹਨ ਜਿਨ੍ਹਾਂ ਵਿੱਚੋਂ ਇੱਕ ਵੀ ਸਿੱਖ ਨਹੀਂ, ਇੱਕ ਵੀ ਪੰਜਾਬੀ ਨਹੀਂ, ਪਰ ਉਸ ਸਾਰੇ ਉਨ੍ਹਾਂ ਦੇ ਮਾਤਾ-ਪਿਤਾ, ਭੈਣ-ਭਰਾ ਤੇ ਬੱਚੇ ਹਨ ਤੇ ਉਹ ਰੋਗੀ ਵੀ ਉਨ੍ਹਾਂ ਨੂੰ ਵੀ ਆਪਣੇ ਵਿੱਚੋਂ ਹੀ ਸਮਝਦੇ ਹਨ। "*ਬਿਸਰਿ ਗਈ ਸਭ ਤਾਤਿ ਪਰਾਈ*", "*ਨਾ ਕੋ ਬੈਰੀ ਨ ਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ*" (ਪੰਨਾ 1299), "*ਨਾ ਕੋ ਮੇਰਾ ਦੁਸਮਨੁ ਰਹਿਆ ਨ ਹਮ ਕਿਸ ਕੇ ਬੈਰਾਈ*" (ਪੰਨਾ 671) ਜੋ "*ਭਜਿਓ ਪਾਰਬ੍ਰਹਮ*" ਅਰਥਾਤ ਅਟਲ ਧਰਮ ਦਾ ਅਮਲੀ ਰੂਪ ਹੈ ਉੱਥੇ ਪਰਤੱਖ ਵੇਖਣ ਵਿੱਚ ਆਉਂਦਾ ਹੈ ਤੇ ਗੁਰਸਿੱਖੀ ਦੀ ਇਸ ਨਿਰਾਲੀ ਸ਼ਾਨ ਨੂੰ ਤੇ ਹਰ ਸਿੱਖ ਨੂੰ ਗਰਵ ਹੋ ਆਉਂਦਾ ਹੈ।

4. **"ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ..."** (ਪੰਨਾ 167) : ਸਿੱਖ ਦੀ ਪੜ੍ਹਾਈ ਹੈ ਕਿ ਉਸਨੇ ਹਰ ਵੇਲੇ ਆਪਣੇ ਅੰਦਰ ਦੀ ਖੋਜ ਕਰਨੀ ਹੈ, ਆਪਣੀ littleness ਦਾ ਹਰ ਵੇਲੇ, ਅਹਿਸਾਸ ਰੱਖਣਾ ਹੈ ਤੇ ਪ੍ਰਭੂ ਦਾ ਸ਼ੁਕਰਾਨਾ ਕਰਨਾ ਹੈ ਹਰ ਵੇਲੇ ਕਿ ਉਸਦੀ ਤਮਾਮ ਨਾਲਾਇਕੀ ਦੇ ਬਾਵਜੂਦ ਪ੍ਰਭੂ ਉਸਨੂੰ ਬਰਦਾਸ਼ਤ ਹੀ ਨਹੀਂ ਕਰਦੇ, ਉਸਦੀਆਂ ਦੁਨੀਆਵੀ ਲੋੜੀਆਂ ਹੀ ਨਹੀਂ ਪੂਰੀਆਂ ਕਰਦੇ; ਉਸਨੂੰ ਆਪਣੇ ਗੀਤ ਵੀ ਗਾਣ ਦੇਂਦੇ ਹਨ, ਆਪਣਾ ਪਿਆਰ ਵੀ ਬਖਸ਼ਦੇ ਹਨ। ਇਸੇ ਭਾਵਨਾ ਨਾਲ ਭਗਤ ਰਵਿਦਾਸ ਜੀ ਨੇ ਕਿਹਾ ਸੀ:

*"ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ॥*
*ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ"*

(ਪੰਨਾ 345)

*"ਐਸੀ ਲਾਲ ਤੁਝ ਬਿਨੁ ਕਉਨੁ ਕਰੈ॥*
*ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ..."*

(ਪੰਨਾ 1106)

ਇਹ ਪੜ੍ਹਾਈ ਉਦੋਂ ਦ੍ਰਿੜ ਹੋਈ ਜਦੋਂ ਇੱਕ ਸਿੱਖ ਨੂੰ ਇਹ ਗਾਂਉਦਿਆਂ ਸੁਣਿਆ :

1) ਮੇਰੀ ਅੱਖਾਂ ਦੇ ਅਥਰੂ ਤੈਨੂੰ ਯਾਦ ਕਰਾਵਨ ਸਾਈਆਂ।
ਤੂੰ ਇੱਕੋ ਇੱਕੋ ਮੇਰਾ ਸਾਜਨ ਮੇਰਾ ਹੋਰ ਕੋਈ ਨਹੀਂ ਸਾਈਆਂ।
2) ਗੁਜ਼ਰਾਨ ਮੇਰੀ ਕੀ ਪੁਛਦਾ ਹੈਂ ਕੋਈ ਪੁਛਣ ਵਾਲੀ ਗਲ ਨਹੀਂ।
ਦੋ ਨੈਣ ਜਦੋਂ ਰੋ ਲੈਂਦੇ ਨੇ, ਦੋ ਦਿਨ ਦਾ ਗੁਜ਼ਾਰਾ ਹੋ ਜਾਂਦਾ।
3) ਜਬ ਭੀ ਤੁਮਕੋ ਯਾਦ ਕਰੂੰ ਆਂਸੂ ਆ ਜਾਏਂ।
ਤੇਰੇ ਪਿਆਰ ਕੀ ਕਹਾਨੀ ਕਹਿ ਜਾਏਂ।
4) ਮੁਝ ਮੇਂ ਤੋਂ ਕੋਈ ਗੁਣ ਨਹੀਂ, ਨਾ ਥਾ, ਨਾ ਹੋਗਾ।
ਤੇਰੇ ਪਤਿਤਪਾਵਨ ਹੋਨੇ ਕਾ ਯਿਹ ਸਬੂਤ ਹੀ ਹੋਗਾ।

ਬਸ ਇਹੋ ਸਿੱਖ ਦੀ ਪੜ੍ਹਾਈ ਹੈ, "ਮੈਂ ਕੁਝ ਨਹੀਂ, ਮੈਂ ਕੁਝ ਨਹੀਂ ਬਨਣਾ, ਮੈਨੂੰ ਕੁਝ ਨਹੀਂ ਚਾਹੀਦਾ", ਉਹ ਕਹਿੰਦੇ। ਕਮਾਲ ਦਾ ਸਿਸਟਮ ਹੈ ਪ੍ਰਭੂ ਦਾ- ਦੁਨੀਆਂ ਦਾ ਕਾਨੂੰਨ ਤੋੜੋ ਤਾਂ ਸਜਾ ਭੁਗਤਣੀ ਪੈਂਦੀ ਹੈ, ਪਰ ਪ੍ਰਭੂ ਦਾ ਸਿਸਟਮ ਐਸਾ ਹੈ ਕਿ ਕਿਤਨਾ ਵੀ ਭਾਰਾ ਗੁਨਾਹ ਹੋਵੇ, ਜੇ ਸੱਚੇ, ਮਨ ਨਾਲ ਪਸ਼ਚਾਤਾਪ ਕੀਤਾ ਜਾਏ ਤਾਂ ਉਸ ਵੇਲੇ ਮੁਆਫੀ ਦਿੱਤੀ ਜਾਂਦੀ ਹੈ :

*"ਅਜਾਮਲੁ ਪਾਪੀ ਜਗੁ ਜਾਨੇ*
*ਨਿਮਖ ਮਾਹਿ ਨਿਸਤਾਰਾ"*

(ਪੰਨਾ 632)

*"ਕਾਮ ਕਰੋਧਿ ਮੋਹਿ ਵਸਿ ਕੀਆ,*
*ਕਿਰਪਨ ਲੋਭਿ ਪਿਆਰੁ॥*
*ਚਾਰੇ ਕਿਲਵਿਖ ਉਨਿ ਅਘ ਕੀਏ,*
*ਹੋਆ ਅਸੁਰ ਸੰਘਾਰੁ॥*
*ਪੋਥੀ ਗੀਤ ਕਵਿਤ ਕਿਛੁ ਕਦੇ ਨ ਕਰਨਿ ਧਰਿਆ॥*
*ਚਿਤਿ ਆਵੈ ਉਸੁ ਪਾਰਬ੍ਰਹਮੁ*
*ਤਾ ਨਿਮਖ ਸਿਮਰਤ ਤਰਿਆ॥"*

(ਪੰਨਾ 71)

ਪ੍ਰਭੂ ਕਿਰਪਾ ਕਰਨ ਸਾਨੂੰ ਸੋਝੀ ਤੇ ਸ਼ੌਕ ਬਖਸ਼ਣ ਪ੍ਰਭੂ ਦੀ ਇਸ ਦਇਆਲਤਾ ਦਾ ਫਾਇਦਾ ਉਠਾਣ ਦੀ ਆਦਤ ਪੈ ਜਾਏ।

5. "ਬਾਹਰਿ ਢੂਢਨ ਤੇ ਛੂਟਿ ਪਰੇ..." (ਪੰਨਾ 1002) : ਪ੍ਰਭੂ ਦੀ ਪੂਰਨ ਦਇਆਲਤਾ ਤੇ ਆਪਣੀ ਅਕਿਰਤਘਣਤਾ ਨੂੰ ਜਦੋਂ ਸਿੱਖ ਯਾਦ ਕਰਦਾ ਹੈ ਤਾਂ ਉਸਦੇ ਅੰਦਰ ਗੁਰੂ ਦੀ ਰਹਿਮਤ ਪ੍ਰਵੇਸ਼ ਕਰਨ ਲਗਦੀ ਹੈ। ਉਹ ਆਪੇ ਦੀ ਖੋਜ ਕਰ-ਕਰ ਕੇ ਆਪਣੇ ਅਉਗਣਾਂ ਨੂੰ ਨੋਟ ਕਰਦਾ, ਉਨ੍ਹਾਂ ਤੋਂ ਛੁਟਕਾਰਾ ਪਾਉਣ ਦੀ ਕੋਸ਼ਿਸ਼ ਤੇ ਅਰਦਾਸ ਕਰਦਾ ਹੈ ਤਾਂ ਉਸਦਾ ਆਮ ਤੌਰ ਤੇ ਨਾ ਘੜਿਆ ਜਾਣ ਵਾਲਾ ਮਨ ਵੀ ਸ਼ਬਦ ਦੀ ਚੋਟ ਨਾਲ ਤਰਾਸ਼ਿਆ (ਘੜਿਆ) ਜਾਣਾ ਸ਼ੁਰੂ ਹੁੰਦਾ ਹੈ ਤੇ ਉਸਨੂੰ ਸਮਝ ਪੈਂਦੀ ਹੈ ਕਿ ਜਿਸ ਪ੍ਰਭੂ ਦੀ ਖੋਜ ਸਾਰੀ ਦੁਨੀਆਂ ਬਾਹਰ ਕਰਦੀ ਹੈ ਉਹ ਤਾਂ ਮੇਰੇ ਨਾਲ ਹੈ, ਮੇਰੇ ਅੰਦਰ ਹੈ, ਉਸਨੂੰ ਆਪਣੇ ਅੰਦਰੋਂ ਹੀ ਉਹ ਹੀਰਾ ਲਭ ਪੈਂਦਾ ਹੈ ਤੇ ਉਹ ਕਹਿ ਉਠਦਾ ਹੈ :

*"ਕਤ ਜਾਈਐ ਰੇ ਘਰਿ ਲਾਗੋ ਰੰਗੁ॥*

ਮੇਰਾ ਚਿਤ ਨ ਚਲੈ ਮਨੁ ਭਇਓ ਪੰਗੁ॥"

(ਪੰਨਾ 1195)

"ਸਭ ਕਿਛੁ ਘਰ ਮਹਿ ਬਾਹਰਿ ਨਾਹੀ॥
ਬਾਹਰਿ ਟੋਲੈ ਸੋ ਭਰਮਿ ਭੁਲਾਹੀ॥"

(ਪੰਨਾ 102)

ਸਿੱਖ ਆਪਣੀ ਜਲਾਲਤ ਨੋਟ ਕਰ-ਕਰ ਕੇ ਅਰਦਾਸਾਂ ਕਰਦਾ ਹੈ ਕਿਰਪਾ ਲਈ :

"ਸੁਨਹੁ ਬੇਨੰਤੀਆ ਸੁਆਮੀ ਮੇਰੇ ਰਾਮ॥
ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ॥"

(ਪੰਨਾ 547)

"ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ
ਕਢਿ ਲੇਵਹੁ ਸਬਦਿ ਸੁਭਾਇ ਜੀਉ॥"

(ਪੰਨਾ 446)

"ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ"
(ਪੰਨਾ 819) ਦੇ ਮਹਾਂਵਾਕ ਅਨੁਸਾਰ, ਐਸੇ ਜਨ ਨੂੰ, ਉਸਦੀ ਸਾਰੀ ਰੀਦਗੀ ਦੂਰ ਕਰਕੇ, ਪ੍ਰਭੂ ਆਪਣੇ ਗਲੇ ਲਗਾਂਦੇ ਹਨ-

"ਕੰਤ ਪਕਰ ਹਮ ਕੀਨੀ ਰਾਨੀ"

(ਪੰਨਾ 394)

ਤੇ ਸਿੱਖ ਇਸ ਰਹਿਮਤ ਤੇ ਚੀਖ ਉਠਦਾ ਹੈ :

"ਕੁਰਬਾਣੁ ਜਾਈ ਉਸ ਵੇਲਾ ਸੁਹਾਵੀ
ਜਿਤੁ ਤੁਮਰੇ ਦੁਆਰੇ ਆਇਆ॥
"ਨਾਨਕ ਕਉ ਪ੍ਰਭ ਭਏ ਕ੍ਰਿਪਾਲਾ,
ਸਤਿਗੁਰੁ ਪੂਰਾ ਪਾਇਆ॥"

(ਪੰਨਾ 749)

"ਮਾਨਕੁ ਪਾਇਓ ਰੇ ਪਾਇਓ,
ਹਰਿ ਪੂਰਾ ਪਾਇਆ ਥਾ"

(ਪੰਨਾ 1002)

"ਬਾਹਿਰ ਢੂਢਨ ਤੇ ਛੂਟਿ ਪਰੇ
ਗੁਰਿ ਘਰ ਹੀ ਮਾਹਿ ਦਿਖਾਇਆ ਥਾ"

(ਪੰਨਾ 1002)

ਜੇ ਤੁਹਾਨੂੰ 'ਅੰਮ੍ਰਿਤ ਕੀਰਤਨ' ਚੰਗਾ ਲਗਦਾ ਹੈ ਪਰ ਕਿਸੇ ਮਜਬੂਰੀ ਕਾਰਨ ਚੰਦਾ ਨਹੀਂ ਭੇਜ ਸਕਦੇ ਤਾਂ ਸਾਨੂੰ ਲਿਖੋ। ਅਸੀਂ ਤੁਹਾਨੂੰ ਇੱਕ ਸਾਲ ਲਈ 'ਅੰਮ੍ਰਿਤ ਕੀਰਤਨ' ਮੁਫਤ ਭੇਜਦੇ ਰਹਾਂਗੇ।




# ਉਸਤਾਦ ਭਾਈ ਕਿਰਪਾਲ ਸਿੰਘ ਜੀ

ਡਾ. ਜਾਗੀਰ ਸਿੰਘ
422, ਸੈਕਟਰ: 15-ਏ, ਚੰਡੀਗੜ੍ਹ

ਪਟਿਆਲੇ ਦੇ ਧਰਮ ਪੁਰੇ ਬਾਜ਼ਾਰ ਸ਼ੇਰਾਂ ਵਾਲੇ ਗੇਟ ਨੂੰ ਜਾਂਦਿਆਂ, ਗਊਸ਼ਾਲਾ ਰੋਡ ਦੇ ਸਾਹਮਣੇ ਇੱਕ ਛੱਤ ਦੇ ਨਿੱਕੀ ਜਿਹੀ ਫੱਟੀ ਨਜ਼ਰ ਆਉਂਦੀ ਹੈ। ਇਸ ਫੱਟੀ ਨੂੰ ਉਹੀ ਪੜ੍ਹਦਾ ਹੈ ਜਿਸ ਨੂੰ ਕੋਈ ਦਿਲਚਸਪੀ ਹੋਵੇ, ਨਹੀਂ ਤਾਂ ਇਸ ਵੱਲ ਨਜ਼ਰ ਵੀ ਨਹੀਂ ਜਾਂਦੀ। ਇਸ ਫੱਟੀ ਤੇ ਲਿਖਿਆ ਹੈ 'ਗੰਧਰਬ ਸੰਗੀਤ ਵਿਦਿਆਲਾ'। ਪਹਿਲੀ ਨਜ਼ਰੇ ਇਸ ਵਿਦਿਆਲੇ ਤੱਕ ਪਹੁੰਚਣ ਦਾ ਕੋਈ ਰਾਹ ਨਜ਼ਰ ਨਹੀਂ ਆਉਂਦਾ। ਯਤਨ ਕੀਤਿਆਂ ਛੋਟੀਆਂ ਜਿਹੀਆਂ ਹਨੇਰੀਆਂ ਪਉੜੀਆਂ ਦਿਸਦੀਆਂ ਹਨ। ਜੇ ਕੋਈ ਹੌਸਲਾ ਕਰਕੇ ਉਹਨਾਂ ਉੱਤੇ ਚੜ੍ਹ ਜਾਵੇ ਤਾਂ ਉਹ ਉਪਰ ਚਾਨਣ ਵਿੱਚ ਪੁੱਜ ਜਾਂਦਾ ਹੈ। ਇਸ ਵਾਤਾਵਰਨ ਵਿੱਚ ਪੁੱਜਦਿਆਂ ਹੀ ਲੱਗਦਾ ਹੈ ਕਿ ਮੰਜ਼ਲ ਆ ਗਈ। ਇਹ ਉਹ ਵਿਦਿਆਲਾ ਹੈ ਜਿਸ ਦੀ ਸਥਾਪਨਾ ਉਸਤਾਦ ਭਾਈ ਕਿਰਪਾਲ ਸਿੰਘ ਜੀ ਨੇ ਕੀਤੀ। ਇਸ ਥਾਂ ਹੁਣ ਉਸਤਾਦ ਜੀ ਦੇ ਸ਼ਗਿਰਦ 'ਪਤੰਗਾ ਜੀ' ਰਹਿੰਦੇ ਹਨ।

ਉਸਤਾਦ ਕਿਰਪਾਲ ਸਿੰਘ ਹੋਰਾਂ ਦੇ ਵਿਦਿਆਲੇ ਤੱਕ ਪੁੱਜਣ ਲਈ ਜਿਵੇਂ ਜਤਨ ਕਰਨ ਦੀ ਲੋੜ ਪੈਂਦੀ ਹੈ ਇੰਜ ਹੀ ਭਾਈ ਕਿਰਪਾਲ ਸਿੰਘ ਕੋਲੋਂ ਤਬਲਾ ਸਿੱਖਣ ਲਈ ਵੀ ਇੱਕ ਖਾਸ ਤਰ੍ਹਾਂ ਦੀ ਉਚੇਚ ਦੀ ਲੋੜ ਪੈਂਦੀ ਸੀ। ਅਵਲ ਤਾਂ ਕੋਈ ਤਬਲਾ ਸਿੱਖਣ ਵੱਲ ਰੁਚਿਤ ਨਹੀਂ ਹੁੰਦਾ। ਜੇ ਹੋ ਜਾਵੇ ਤਾਂ ਉਸਤਾਦ ਜੀ ਉਸ ਨੂੰ ਪੈਰੋਂ ਕੱਢਣ ਦਾ ਭਰਪੂਰ ਜਤਨ ਕਰਦੇ ਤੇ ਜੇ ਕੋਈ ਸਿਰੜ ਕਰਕੇ ਲੱਗਾ ਰਹੇ ਤਾਂ ਉਹ ਕੁੰਦਨ ਬਣ ਕੇ ਇਸ ਕੁਠਾਲੀ ਵਿੱਚੋਂ ਨਿਕਲਦਾ ਪਰ ਉਸਤਾਦ ਜੀ ਕਹਿੰਦੇ ਸਨ -'ਇਹ ਕਰਤੇ ਦੀ ਵਿੱਦਿਆ ਹੈ'। ਜਿਹੜੇ ਸ਼ਾਗਿਰਦ ਸਿੱਖ ਕੇ ਨਿਕਲੇ ਉਹ ਰੋਟੀ ਰੋਜ਼ੀ ਦੇ ਚੱਕਰ ਵਿੱਚ ਅਜਿਹੇ ਫਸੇ ਕਿ ਕੋਈ ਨਾਮਵਰ ਕਲਾਕਾਰ ਨਹੀਂ ਬਣ ਸਕਿਆ। ਉਹਨਾਂ ਵਿੱਚੋਂ ਬਹੁਤ ਸਾਰੇ ਇਸ ਵੇਲੇ ਸਕੂਲਾਂ ਕਾਲਜਾਂ ਅਤੇ ਕਈ ਰਾਗੀਆਂ ਨਾਲ ਤਬਲਾ ਵਜਾ ਰਹੇ ਹਨ। ਇਸ ਦਾ ਅਰਥ ਇਹ ਨਹੀਂ ਕਿ ਉਸਤਾਦ ਜੀ ਵਿੱਚ ਇੱਕ ਨਾਮਵਰ ਕਲਾਕਾਰ ਵਾਲੀ ਕਲਾ ਨਹੀਂ ਸੀ।

ਉਸਤਾਦ ਜੀ ਕਸ਼ਮੀਰ ਦੇ ਜੰਮਪਲ ਸਨ। ਕੁਝ ਸਮਾਂ ਉਹ ਬਾਬਾ ਸੁੰਦਰ ਸਿੰਘ ਜੀ ਅਲੀਬੇਗ ਵਾਲਿਆਂ ਕੋਲ ਰਹੇ। ਫਿਰ ਉਹਨਾਂ ਨੂੰ ਅਕਾਲੀ ਕੌਰ ਸਿੰਘ ਦੀ ਭੈਣ-ਬੀਬੀ ਬਸੰਤ ਕੌਰ ਜੀ ਜੋ ਮਹਾਰਾਜ ਭੁਪਿੰਦਰ ਸਿੰਘ ਦੇ ਚਾਚੀ ਜੀ ਸਨ, ਪਟਿਆਲੇ ਲੈ ਆਏ। ਤਬਲਾ ਸਿੱਖਣ ਲਈ ਆਪ ਉਸਤਾਦ ਸ੍ਰ. ਬਹਾਦਰ ਸਿੰਘ ਜੀ ਪਾਸ ਜਲੰਧਰ ਜਾਂਦੇ ਰਹੇ। ਉਹਨਾਂ ਭਾਈ ਦਲੀਪ ਸਿੰਘ ਜੀ ਲੁਧਿਆਣੇ ਵਾਲਿਆਂ ਤੋਂ ਵੀ ਸਿੱਖਿਆ ਪ੍ਰਾਪਤ ਕੀਤੀ।

ਉਸਤਾਦ ਜੀ ਦੇ ਦੇਹਾਂਤ ਤੋਂ ਦੋ ਕੁ ਮਹੀਨੇ ਪਹਿਲਾਂ ਮੈਂ ਉਹਨਾਂ ਨੂੰ ਮਿਲਣ ਗਿਆ। ਕਿਸੇ ਦੱਸਿਆ ਕਿ ਉਹ ਕਸ਼ਮੀਰ -ਨਿਵਾਸ ਵਿੱਚ ਰਹਿੰਦੇ ਹਨ। ਲਹਿਲ ਵਿਖੇ ਕਸ਼ਮੀਰ ਨਿਵਾਸ਼ ਵਿੱਚ ਪੁੱਜਾ ਤਾਂ ਉਸ ਵੱਡੀ ਬਿਲਡਿੰਗ ਵਿੱਚ ਸਕੂਲ ਨਜ਼ਰ ਆਇਆ। ਕਿਸੇ ਨੇ ਦੱਸਿਆ ਕਿ ਉਸਤਾਦ ਜੀ ਇਸ ਕਸ਼ਮੀਰ ਨਿਵਾਸ ਦੇ ਪਿੱਛਲੇ ਪਾਸੇ ਹਨ। ਪਿਛਲੇ ਪਾਸੇ ਇੱਕ ਵੱਖਰੀ ਹੀ ਦੁਨੀਆਂ ਦਿੱਸੀ। 75 ਕੁ ਗਜ਼ ਥਾਂ ਵਿੱਚ ਇੱਕ ਢਾਰੇ ਵਿੱਚ ਮੱਝ ਬੱਝੀ ਸੀ, ਇੱਕ ਥਾਂ ਕਿਆਰੀਆਂ ਸਨ। ਇੱਕ ਝੌਂਪੜੀ ਵਿੱਚ ਉਸਤਾਦ ਜੀ ਦੇ ਚਿੱਟੇ ਦੁੱਧ ਕਪੜੇ ਟੰਗੇ ਨਜ਼ਰ ਆ ਰਹੇ ਸਨ। ਉਸਤਾਦ ਜੀ ਦਾ ਇੱਕ ਚੇਲਾ ਕੜਾਹ ਬਣਾ ਰਿਹਾ ਸੀ। ਦੋ ਕੁ ਚੇਲੇ ਸਿੱਖਣ ਲਈ ਆਏ ਬੈਠੇ ਸਨ। ਉਸਤਾਦ ਜੀ ਮੱਝ ਲਈ ਪੱਠੇ ਲੈਣ ਗਏ ਹੋਏ ਸਨ। ਜਦੋਂ ਉਹ ਪੱਠੇ ਲੈ ਕੇ ਆਏ ਤਾਂ ਉਹਨਾਂ ਬਾਰੇ ਕੋਈ ਨਹੀਂ ਸੀ ਕਹਿ ਸਕਦਾ ਕਿ ਇਹ ਸ਼ਖਸ ਤਬਲੇ ਦਾ ਜਾਦੂਗਰ ਹੈ।

ਇੱਕ ਵਾਰ ਪਟਿਆਲੇ ਵਿੱਚ ਉਸਤਾਦ ਸ੍ਰ. ਬਹਾਦਰ ਸਿੰਘ ਜੀ ਯਾਦ ਵਿੱਚ ਸਮਾਗਮ ਹੋ ਰਿਹਾ ਸੀ। ਸਿਤਾਰ ਤੋਂ ਬਾਅਦ ਗਾਇਨ, ਗਾਇਨ ਤੋਂ ਬਾਦ ਉਸਤਾਦ ਕਿਰਪਾਲ ਸਿੰਘ ਨੇ ਤਬਲਾ ਵਜਾਉਣਾ ਸੀ। ਉਸਤਾਦ ਜੀ ਨੂੰ ਇੰਨੇ ਸਾਲ ਪਟਿਆਲੇ ਵਿੱਚ ਰਹਿੰਦਿਆਂ ਨੂੰ ਹੋ ਚੁੱਕੇ ਸਨ ਪਰ ਫਿਰ ਵੀ ਉਹਨਾਂ ਦਾ ਤਬਲਾ ਬਹੁਤ ਘੱਟ ਲੋਕਾਂ ਨੇ ਸੁਣਿਆ ਸੀ। ਉਹਨਾਂ ਨੇ ਪਬਲਿਕ ਪਰਫਾਰਮੈਂਸ ਬਹੁਤ ਘੱਟ ਦਿੱਤੀ ਸੀ। ਲੋਕ ਇੰਤਜ਼ਾਰ ਕਰ ਰਹੇ ਸਨ। ਉਸਤਾਦ ਜੀ ਸਟੇਜ ਤੋਂ ਆਏ। ਗੰਭੀਰ ਚਿਹਰਾ, ਚੌਕੜੀ ਮਾਰ ਕੇ ਬੈਠ ਗਏ ਜਿਵੇਂ ਕੋਈ ਰਿਸ਼ੀ ਧਿਆਨ ਲਾ ਕੇ ਬੈਠਦਾ ਹੈ। ਉਸਤਾਦ ਜੀ ਨੇ ਤਿੰਨ ਤਾਲ ਵਿੱਚ ਸੋਲੋ ਵਜਾਉਣੀ ਸ਼ੁਰੂ ਕੀਤੀ। ਥੋੜ੍ਹੀ ਦੇਰ ਵਿੱਚ ਹੀ ਹਾਲ

---

* ਇਹ ਲੇਖ 15 ਸਾਲ ਪਹਿਲਾਂ ਲਿਖਿਆ ਗਿਆ ਸੀ।

ਵਿੱਚ ਚੁੱਪ ਛਾ ਗਈ। ਤਬਲੇ ਦੀਆਂ ਫਟਕੀਆਂ ਸੁਣਨ ਲੱਗੀਆਂ ਜਿਵੇਂ ਪਾਣੀ ਦੀ ਸਤਹ ਉੱਛੇ ਮੁਰਗਾਬੀਆਂ ਉਡਦੀਆਂ ਹੋਣ। ਡੁਗੀ ਇੰਜ ਬੋਲ ਰਹੀ ਸੀ ਜਿਵੇਂ ਕੋਈ ਸ਼ਕਤੀਸ਼ਾਲੀ ਬਜ਼ੁਰਗ ਆਪਣੀ ਗੰਭੀਰ ਆਵਾਜ਼ ਵਿੱਚ ਕਿਸੇ ਨੂੰ ਜ਼ਿੰਦਗੀ ਦਾ ਕੋਈ ਗੰਭੀਰ ਰਾਜ਼ ਸਮਝਾ ਰਿਹਾ ਹੋਵੇ। ਉਸਤਾਦ ਜੀ ਅਡੋਲ ਬੈਠੇ ਸਨ। ਹੱਥਾਂ ਤੋਂ ਬਿਨਾਂ ਸਰੀਰ ਦਾ ਕੋਈ ਅੰਗ ਹਰਕਤ ਨਹੀਂ ਸੀ ਕਰ ਰਿਹਾ।

ਉਸਤਾਦ ਜੀ ਨੇ ਕੋਈ ਨੌਕਰੀ ਨਹੀਂ ਕੀਤੀ। ਪਹਿਲਾਂ ਪਹਿਲਾਂ ਰਾਗੀਆਂ ਨਾਲ ਤਬਲਾ ਵਜਾਇਆ ਕਰਦੇ ਸਨ। ਜਦੋਂ ਕੀਰਤਨ ਦੇ ਸਟਾਈਲ ਵਿੱਚ ਤਬਦੀਲੀ ਆਈ ਤਾਂ ਤਬਲੇ ਦਾ ਸਥਾਨ ਬਿਲਕੁਲ ਗੌਣ ਹੋ ਕੇ ਰਹਿ ਗਿਆ। ਚੰਗਾ ਤਬਲਾ ਵਜਾਉਣ ਵਾਲਾ ਸਗੋਂ ਬੋਝ ਸਮਝਿਆ ਜਾਣ ਲੱਗ ਪਿਆ। ਉਸਤਾਦ ਜੀ ਨੂੰ ਲੱਗਾ ਕਿ ਹੁਣ ਇੱਥੇ ਕੋਈ ਕਦਰ ਨਹੀਂ। ਉਹ ਬਿਲਕੁਲ ਹੀ ਛਿਪ ਕੇ ਬੈਠ ਗਏ ਰਿਆਜ਼ ਕਰਨ ਲਈ। ਉਹ ਰਿਆਜ਼ ਕਰਦੇ ਰਹੇ ਤੇ ਉਹਨਾਂ ਨੂੰ ਫਿਰ ਰਿਆਜ਼ ਵਿੱਚੋਂ ਹੀ ਅਨੰਦ ਆਉਣ ਲੱਗਾ ਪਿਆ। ਇਸ ਅਨੰਦ ਵਿੱਚ ਹੀ ਉਹਨਾਂ ਨੂੰ ਆਪਣੀ ਗਰੀਬੀ ਵੀ ਸੰਤੁਸ਼ਟਤਾ ਦੇਣ ਲੱਗ ਪਈ।

ਅਸੀਂ ਵੀ ਇਸ ਮਹਾਨ ਕਲਾਕਾਰ ਦੀ ਵਾਤ ਨਾ ਪੁੱਛੀ। ਅਸੀਂ ਉਸ ਨੂੰ ਕੋਈ ਯੋਗ ਸਥਾਨ ਨਾ ਦਿਵਾ ਸਕੇ। ਕਿਉਂਕਿ ਇਹ ਕਲਾਕਾਰ ਸਾਡੀ ਅਜੋਕੀ ਜ਼ਿੰਦਗੀ ਦੇ ਮਿਆਰਾਂ ਅਨੁਸਾਰ ਪੂਰਾ ਨਹੀਂ ਸੀ ਉਤਰਦਾ। ਇਹ ਕਲਾਕਾਰ 'ਜੀ ਹਜ਼ੂਰੀਆ' ਨਹੀਂ ਸੀ।

ਜਦੋਂ ਕਦੀ ਉਹਨਾਂ ਦਾ ਮਨ ਉਦਾਸ ਹੁੰਦਾ ਤਾਂ ਸੁੱਖੇ ਦਾ ਰਗੜਾ ਛਕ ਲੈਂਦੇ। ਫਿਰ ਜਾਂ ਇਹ ਨਸ਼ਾ ਜਾਂ ਤਬਲੇ ਦਾ ਰਿਆਜ਼। ਦੋਹਾਂ ਕੰਮਾਂ ਵਿੱਚ ਹੀ ਗਲਤਾਨ ਹੋ ਕੇ ਰਹਿ ਗਏ। ਜਦੋਂ ਇਹਨਾਂ ਨੂੰ ਕਿਹਾ ਕਿ ਤਬਲੇ ਦਾ ਕੋਈ ਪ੍ਰੋਗਰਾਮ ਦਿਓ ਤਾਂ ਤਲਖੀ ਨਾਲ ਇਹਨਾਂ ਉੱਤਰ ਦਿੱਤਾ, 'ਕੌਣ ਸੁਣਨਾ ਚਾਹੁੰਦਾ ਹੈ? ਤਬਲੇ ਨੂੰ ਕੋਈ ਨਹੀਂ ਸੁਣਨਾ ਚਾਹੁੰਦਾ'।

ਇਸ ਕਲਾਕਾਰ ਦੀ ਮੁਫਲਿਸੀ ਅਤੇ ਜਿਸ ਹਾਲਾਤ ਵਿੱਚ ਇਸ ਦਾ ਦੇਹਾਂਤ ਹੋਇਆ ਹੈ ਇਹ ਸਾਡੇ ਅੱਗੇ ਸਵਾਲ ਕਰਦੀ ਹੈ- ਕੀ ਕਲਾਸੀਕਲ ਸੰਗੀਤ ਦੀ ਅਜੋਕੇ ਸਮਾਜ ਵਿੱਚ ਕੋਈ ਥਾਂ ਹੈ?


Kalmi Chicken
Ho Ya Phir Balti Daal,
You Can Have It All!
at
**Noor Restaurant**



Give a lavish treat to your tastebuds with lip smacking vegetarian/non-vegetarian multi cuisine
Relish tempting rumaali roti and tandoori delights.
Nutritious health food for the diet conscious.
All this comes from our clean and hygienic kitchen

**Hotel Pankkaj**

**S.C.O. 801-802, Sector 22 (Opp. Shivalikview), Chandigarh Phone: 709891-92**

# ਦੁਖ ਦਾਰੂ-ਔਖੇ ਪਲ ਕਿਵੇਂ ਬਿਤਾਈਏ?

ਰੇਣੁਕਾ ਸਰਬਜੀਤ ਸਿੰਘ
ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ 141 002

ਕਈ ਵਾਰੀ, ਕਈ ਥਾਵਾਂ ਤੇ ਕਈ ਸੱਜਣਾਂ ਪਾਸੋਂ ਇਹ ਸੁਣਿਆ ਕਿ ਜਦ ਸੁਖ ਰੋਗ ਬਣ ਜਾਂਦਾ ਹੈ ਤਾਂ ਪ੍ਰਮਾਤਮਾ ਵਲੋਂ ਦੁਖ ਰੂਪੀ ਦਵਾਈ ਜਾਂ ਦਾਰੂ ਦਿੱਤੀ ਜਾਂਦੀ ਹੈ।

ਕਈ ਵਾਰੀ ਪੁਰਾਣੇ ਗੁਟਕਿਆਂ ਤੋਂ ਰਹਿਰਾਸ ਸਾਹਿਬ ਦਾ ਪਾਠ ਕਰਦਿਆਂ ਇਹ ਗੁਰਵਾਕ ਵੀ ਪੜ੍ਹੇ ਹਨ ਕਿ - *"ਦੁਖ ਦਾਰੂ ਸੁਖ ਰੋਗ ਭਇਆ..."*।

ਕਈ ਵਾਰੀ ਦੋਸਤਾਂ ਮਿੱਤਰਾਂ ਨਾਲ ਗੱਲਬਾਤ ਕਰਦਿਆਂ ਜਾਂ ਕਿਸੇ ਸਟੇਜ਼ ਤੇ ਬੋਲਦਿਆਂ ਵੀ ਉਪਰੋਕਤ ਵੀਚਾਰ ਕੀਤੀ। ਇਸ ਬਾਰੇ ਵਧੀਆ ਉਦਾਹਰਣਾਂ ਅਤੇ ਤਰਕ ਵੀ ਪੇਸ਼ ਕੀਤੇ।

ਐਪਰ ਜਦ ਆਪਣੇ ਤਨ ਉਪਰ, ਅਜਿਹੀ ਸਥਿਤੀ ਹੰਢਾਈ ਇਸ ਗੁਰਵਾਕ ਦੇ ਸਹੀ ਅਰਥ ਅਨੁਭਵ ਹੋਏ। ਦੁਖ ਤਾਂ ਰੋਗ ਬਣ ਚੁੱਕੇ ਸੁਖ ਦੀ ਐਸੀ ਦਾਰੂ ਜਾਂ ਅਉਖਦ (ਦਵਾਈ) ਹੈ ਜੋ ਹਰ ਇਨਸਾਨ ਨੂੰ ਸਦਾ ਮੰਗਦੇ ਰਹਿਣਾ ਚਾਹੀਦਾ ਹੈ।

ਸੁੱਖ ਵਿੱਚ ਅਸੀਂ ਆਮ ਤੌਰ ਤੇ ਗੁਰੂ ਦਾ ਨਾਮ ਵਿਸਾਰ ਦਿੰਦੇ ਹਾਂ। ਉਸ ਵੇਲੇ ਕਾਰ, ਕੋਠੀ, ਬੱਚੇ ਵਹੁਟੀ ਅਤੇ ਦਾਲ-ਰੋਟੀ ਹੀ ਸਾਡੇ ਤੇ ਪ੍ਰਵਾਨ ਹੁੰਦੇ ਹਨ। ਜੀਵਨ ਮਨੋਰਥ ਤੇ *"ਗੋਬਿੰਦ ਮਿਲਨ ਕੀ ਇਹ ਤੇਰੀ ਬਰੀਆ"* ਵਾਲੀ ਗੱਲ ਪਿੱਛੇ ਪਾ ਦਿੱਤੀ ਜਾਂਦੀ ਹੈ।

ਐਸ਼ੀ ਹਾਲਤ ਵਿੱਚ ਜਦ ਦੁੱਖ ਮਿਲੇ ਤਾਂ ਉਸ ਨੂੰ ਦਾਤਿ ਹੀ ਸਮਝਣਾ ਚਾਹੀਦੈ। ਗੁਰਸਿੱਖ ਲਈ ਦੁਖ ਕੋਈ ਸਜਾ ਜਾਂ ਸਰਾਪ ਨਹੀਂ। ਇਹ ਤਾਂ ਸਗੋਂ ਸਾਨੂੰ ਗੁਰੂ ਦੇ ਨਿਕਟ ਲੈ ਜਾਣ ਦਾ ਇੱਕ ਵਸੀਲਾ ਹੈ।

ਦੁੱਖ ਨੂੰ ਦਾਤਿ ਕਹਿਣ ਦਾ ਗੁਣ ਕਿਸੇ ਕੌਮ ਦੀ ਪਿੱਠ ਨਹੀਂ ਲੱਗਣ ਦਿੰਦਾ। ਇਸ ਨਾਲ ਹਰ ਮੁਸ਼ਕਿਲ ਦਾ ਸਾਹਮਣਾ ਡਟ ਕੇ ਕੀਤਾ ਜਾਂਦਾ ਹੈ ਤੇ ਦੁੱਖਾਂ, ਤਕਲੀਫਾਂ ਭੁੱਖਾਂ ਤੇ ਸਦਮਾਰਾਂ ਨੂੰ 'ਦਾਤਿ' ਜਾਂ 'ਬਖਸ਼ਿਸ਼' ਹੀ ਸਮਝਿਆ ਜਾਂਦਾ ਹੈ।

ਆਉ, ਇਸ ਗੁਣ ਦੀ ਸੰਭਾਲ ਕਰੀਏ...

ਜੀਵਨ ਮਾਰਗ ਵਿੱਚ ਵਿਚਰਦਿਆਂ ਕਦੇ ਹਰਖ ਅਤੇ ਕਦੇ ਸੋਗ ਬਣਿਆ ਹੀ ਰਹਿੰਦਾ ਹੈ। ਕਦੇ ਅਸੀਂ ਬੜੇ ਖੁਸ਼ ਹੁੰਦੇ ਹਾਂ ਅਤੇ ਕਦੇ ਮੁਰਝਾਏ-ਮੁਰਝਾਏ ਅਤੇ ਉਦਾਸ। ਕਦੇ ਅਸੀਂ ਨਿੰਦਾ-ਚੁਗਲੀ ਵਿੱਚ ਖੱਚਿਤ ਰਹਿੰਦੇ ਹਾਂ ਅਤੇ ਕਦੇ ਸਭਨਾਂ ਨੂੰ ਭਲਾ-ਭਲਾ ਹੀ ਕਹਿੰਦੇ ਹਾਂ। ਕਦੇ ਖੁਸ਼ੀ ਵਿੱਚ ਨੱਚਦੇ-ਟੱਪਦੇ ਹਾਂ ਅਤੇ ਕਦੇ ਗਮੀ ਵਿੱਚ ਸੁੱਤੇ ਹੀ ਰਹਿਣ ਨੂੰ ਦਿਲ ਕਰਦਾ ਹੈ।

ਐਸੀ ਅਵਸਥਾ ਹਰ ਮਨੁੱਖ ਦੇ ਜੀਵਨ ਵਿੱਚ ਆਉਂਦੀ ਹੈ। ਜੀਵਨ ਵਿੱਚ ਆਏ ਸੋਗ ਜਾਂ ਦੁੱਖ ਦੇ ਔਖੇ ਪਲਾਂ ਨੂੰ ਬਿਤਾਉਣ ਲਈ ਕੁਝ ਨੁਕਤੇ ਇਉਂ ਹਨ:

1. ਗੁਰਦੁਆਰੇ ਜਾਣਾ : ਉਦਾਸੀ ਅਤੇ ਨਿਰਾਸਾ ਦੇ ਪਲਾਂ ਵਿੱਚ ਘਰ ਬੈਠਣ ਦੀ ਥਾਂ ਅਸੀਂ ਕਿਸੇ ਨੇੜੇ ਜਾਂ ਦੂਰ ਦੇ ਗੁਰਦੁਆਰੇ ਚਲੇ ਜਾਈਏ ਤਾਂ ਵੀ ਮਨ ਹਲਕਾ ਹੁੰਦਾ ਹੈ। ਗੁਰਦੁਆਰੇ ਜਾ ਕੇ ਗੁਰੂ ਸਾਹਿਬ ਨਾਲ ਆਪਣੇ ਮਨ ਦੀ ਗੱਲ ਸਾਂਝੀ ਕਰਨੀ ਅਤੇ ਅਰਦਾਸ ਕਰਨ ਨਾਲ ਬਹੁੜੀ ਕਰਦਾ ਹੈ। ਗੁਰਦੁਆਰਾ ਸਾਹਿਬ ਵਿਖੇ ਲੰਗਰ, ਜੋੜਿਆਂ ਦੀ ਸਫਾਈ ਆਦਿ ਦੀ ਸੇਵਾ ਨਾਲ ਵੀ ਮਨ ਦੀ ਮੈਲ ਧੋਤੀ ਜਾਂਦੀ ਹੈ।

2. ਜਦ ਅਸੀਂ ਉਦਾਸ ਹੋਈਏ, ਉਸ ਵੇਲੇ ਬਜਾਏ ਕਿ ਘਰ ਵਿੱਚ ਮੰਜੇ ਦੇ ਨਾਲ ਮੰਜਾ ਹੋਈਏ ਸਗੋਂ ਉਠ ਕੇ ਬਾਹਰ ਕਿਸੇ ਵੀਰ ਦੇ ਘਰ ਚਲੇ ਜਾਈਏ।

ਜਦ ਕੋਈ ਬਿਮਾਰ ਜਾਂ ਉਦਾਸ ਹੁੰਦਾ ਸੀ ਤਦ ਪੁਰਾਤਨ ਬਜ਼ੁਰਗ ਕਿਹਾ ਕਰਦੇ ਸਨ ਕਿ ਜਾਹ ਕਿਸੇ ਗੁਰਸਿੱਖ ਨੂੰ ਮਿਲਆ। ਜਦੋਂ ਦੁਖ ਵਿੱਚ ਘਬਰਾਇਆ ਮਨੁੱਖ ਕਿਸੇ ਚੜ੍ਹਦੀ ਕਲਾ ਵਾਲੇ ਗੁਰਸਿੱਖ ਨੂੰ ਜਾ ਕੇ ਮਿਲਦਾ ਹੈ ਤਾਂ ਮਿਲਣਸਾਰ ਗੱਜ ਕੇ ਬੁਲਾਈ ਫਤਹਿ ਨਾਲ ਹੀ ਅੱਧਾ ਦੁੱਖ ਤਾਂ ਦੂਰ ਹੋਇਆ ਜਾਪਦਾ ਹੈ। ਜਦ ਐਸੇ ਗੁਰਸਿੱਖ ਨੂੰ ਮਿਲਦੇ ਹਾਂ ਤਾਂ ਉਚਕੋਟੀ ਦੀਆਂ ਪੰਥਕ ਅਤੇ ਸਦਗੁਣਾਂ ਦੀਆਂ ਵਿਚਾਰਾਂ ਹੁੰਦੀਆਂ ਹਨ। ਜਿਸ ਨਾਲ ਆਪਣੇ ਮਨ ਦਾ ਦੁੱਖ ਵਿਸਰ ਜਾਂਦਾ ਹੈ। ਹੋਰ ਵੀ ਚੰਗਾ ਹੁੰਦਾ ਹੈ ਜਦੋਂ ਅਸੀਂ ਆਪਣੇ ਦੁੱਖ ਦੀ ਸਾਂਝ ਉਸ ਵੀਰ ਨਾਲ ਕਰ ਲੈਂਦੇ ਹਾਂ ਤਾਂ ਦੁੱਖ ਵੰਡਿਆ ਜਾਂਦਾ ਹੈ।

ਸੋ ਜਦ ਵੀ ਉਦਾਸ ਜਾਂ ਨਿਰਾਸ ਹੋਵੋ, ਘਰ ਬੈਠਣ ਦੀ ਥਾਂ ਕਿਸੇ ਵੀਰ ਦੇ ਘਰ ਜਾਵੋ ਜਿਹੜਾ ਤੁਹਾਨੂੰ ਹੌਸਲਾ ਦੇਵੇ ਅਤੇ ਮਨ ਚੜ੍ਹਦੀ ਕਲਾ ਵੱਲ ਲੈ ਜਾਵੇ।

3. ਜੇਕਰ ਉਪਰੋਕਤ ਕਾਰਜ ਨਾ ਸਕਣ ਤਾਂ ਅਸੀਂ ਖਰੀਦਦਾਰੀ ਕਰਨ ਦੇ ਬਹਾਨੇ ਕਿਸੇ ਬਜ਼ਾਰ ਵੀ ਜਾ ਸਕਦੇ ਹਾਂ। ਇੰਝ ਵੀ ਸਾਡੇ ਔਖੇ ਪਲ ਬੀਤਣ ਵਿੱਚ ਕੁਝ ਰਾਹਤ ਮਿਲਦੀ ਹੈ।

ਜੇਕਰ ਕਿਸੇ ਕਾਰਣਵੱਸ਼ ਅਸੀਂ ਬਾਹਰ ਕਿਤੇ ਵੀ ਨਾ

ਜਾ ਸਕੀਏ ਤਾਂ ਘਰ ਵਿੱਚ ਬੈਠ ਕੇ ਹੇਠ ਲਿਖੇ ਕਾਰਜ ਕਰ ਸਕਦੇ ਹਾਂ :

ੳ) **ਪਾਠ ਕਰਨਾ** : ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨ ਨਾਲ ਮਨ ਨੂੰ ਬਹੁਤ ਸ਼ਾਂਤੀ ਮਿਲਦੀ ਹੈ ਅਤੇ ਮਨ ਜਾਗਰੂਕਤਾ ਅਤੇ ਉਤਸ਼ਾਹ ਭਰਿਆ ਰਹਿੰਦਾ ਹੈ। ਜੇਕਰ ਘਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਹੋਣ ਤਾਂ ਸਹਿਜ ਪਾਠ ਕਰਕੇ ਵੀ ਮਨ ਦੀ ਮਹਿੰਸਾ ਸਮਾਪਤ ਹੁੰਦੀ ਹੈ ਅਤੇ ਸਹਿਜ ਦਾ ਸੰਚਾਰ ਹੁੰਦਾ ਹੈ।

ਅ) ਆਪਣੇ ਮਨ ਨੂੰ ਅਸੀਂ ਘਰ ਦੇ ਕਿਸੇ ਵੀ ਆਹਰ ਵਿੱਚ ਲਗਾ ਸਕਦੇ ਹਾਂ। ਜਿਵੇਂ ਆਪਣੀ ਅਲਮਾਰੀ ਦੀ ਸਫਾਈ ਕਰਨੀ, ਕਿਤਾਬਾਂ ਝਾੜਨੀਆਂ, ਬਾਗਵਾਨੀ ਕਰਨੀ ਜਾਂ ਘਰ ਦੇ ਕਿਸੇ ਵੀ ਹੋਰ ਕਾਰਜ ਵਿੱਚ ਵਿਅਸਤ ਹੋਣ ਨਾਲ ਹੀ ਔਖੇ ਪਲ ਬਿਤਾਉਣ ਵਿੱਚ ਸਹਾਈ ਹੁੰਦੇ ਹਨ।

ਦੁੱਖ ਅਤੇ ਨਿਰਾਸਾ ਦੇ ਪਲ ਜਦ ਆਉਂਦੇ ਹਨ ਤਾਂ ਆਮ ਕਰਕੇ ਇਉਂ ਜਾਪਦਾ ਹੈ ਜਿਵੇਂ ਚਾਰੇ ਪਾਸੇ ਹਨੇਰਾ ਹੀ ਹਨੇਰਾ ਹੈ। ਐਸੇ ਸਮੇਂ ਵਿੱਚ ਅਨੇਕਾਂ ਲੋਕ ਨਸ਼ਿਆਂ ਦਾ ਸਹਾਰਾ ਲੈਂਦੇ ਵੇਖੇ ਗਏ ਹਨ ਅਤੇ ਕੁਝ ਕਮਜ਼ੋਰ ਦਿਲ ਤਾਂ ਆਤਮ-ਹੱਤਿਆ ਵਰਗਾ ਪਾਪ ਵੀ ਕਰ ਲੈਂਦੇ ਹਨ। ਸਾਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ ਕਿ ਦੁੱਖ ਦੇ ਪਲ ਸਦਾ ਨਹੀਂ ਰਹਿੰਦੇ। ਆਪਣੀ ਸੋਚ ਨੂੰ ਉਸਾਰੂ ਪਾਸੇ ਵੱਲ ਲਾਉਣਾ ਚਾਹੀਦਾ ਹੈ ਤੇ ਮਨ ਨੂੰ ਸਮਝਾਉਣਾ ਚਾਹੀਦਾ ਹੈ ਕਿ ਸੁੱਖ ਦਾ ਸਮਾਂ ਵੀ ਆਵੇਗਾ ਅਤੇ ਇਹ ਦੁੱਖ ਦੀਆਂ ਘੜੀਆਂ ਵੀ ਕੱਟੀਆਂ ਜਾਣਗੀਆਂ। ☬

## ਰਾਗ-ਵਿੱਦਿਆ

ਰਾਗ-ਵਿੱਦਿਆ
ਸਮਝ ਮੇਰੀ ਤੋਂ ਪਰ੍ਹੇ ਹੈ
ਫੇਰ ਵੀ ਲਗਦੈ
ਕਿ ਰਾਗਾਂ ਤੋਂ ਬਿਨਾਂ
ਖ਼ੁਸ਼ਕ ਹੋ ਜਾਣੀ ਸੀ
ਸਾਡੀ ਜ਼ਿੰਦਗੀ।
ਭਸਮ ਹੋ ਜਾਣਾ ਸੀ
ਉਹ ਸਾਰਾ ਸੁਹੱਪਣ
ਜੋ ਸੁਰਾਂ ਛੇੜਨ ਤੇ
ਆ ਜਾਂਦੇ ਪਲਾਂ ਵਿੱਚ
ਸਾਹਮਣੇ

ਰੇਤ-ਥਲ ਅੰਦਰ ਵੀ
ਜੰਗਲ ਦਾ ਅਹਿਸਾਸ
ਕਲਪਨਾ ਅੰਦਰ ਹੀ ਲਗਣੀ
ਸ਼ੇਰ ਦੀ ਆਮਦ ਜਿਹੀ
ਤੇ ਨਜ਼ਰ ਆਉਣਾ
ਉਹ ਪਾਣੀ ਟਪਕਦਾ
ਜੋ ਚੁਗਿਰਦੇ ਵਿੱਚ
ਨਹੀ ਹੁੰਦਾ ਕਿਤੇ।

ਦੀਪ ਜਗਣੇ
ਮੇਘ ਆਉਣੇ
ਰਾਗ ਦੇ ਕਿੰਨੇ ਕ੍ਰਿਸ਼ਮੇ
ਕਿਸ ਤਰ੍ਹਾਂ ਦੇ ਹਨ
ਸੁਰਾਂ ਦੇ ਇਹ ਕਮਾਲ।

ਰਾਗ ਦੇ ਰੰਗਾਂ ਦਾ
ਹੈ ਕਿਹੜਾ ਸ਼ੁਮਾਰ?
ਕਈ ਦਫਾ ਵੇਖੇ ਨੇ
ਮੈਂ ਅੱਖੋਂ ਬਿਨਾਂ
ਪਸਰ ਦੇ ਅੰਬਰ ਤੇ
ਚਿਤਰਾਂ ਦੇ ਅਕਾਰ
ਕਈ ਦਫ਼ਾ ਹਰਕਤ ਬਿਨਾਂ
ਝੂਟੀ ਹੈ ਲਗਦੀ ਪੀਂਘ ਮੈਂ
ਕਈ ਦਫ਼ਾ ਛੋਹੇ ਨੇ
ਮੈਂ ਉਹ ਹਿਮ-ਸਿਖ਼ਰ
ਪਹੁੰਚਣਾ ਮੇਰੇ ਜਿਹਾਂ ਲਈ
ਹੈ ਜਿਨ੍ਹਾਂ ਤੀਕਰ ਮੁਹਾਲ।

ਰਾਗ-ਵਿੱਦਿਆ
ਸਮਝ ਮੇਰੀ ਤੋਂ ਪਰ੍ਹੇ ਹੈ
ਫ਼ੇਰ ਵੀ ਲਗਦੈ
ਕਿ ਰਾਗਾਂ ਤੋਂ ਬਿਨਾਂ
ਖ਼ੁਸ਼ਕ ਹੋ ਜਾਣੀ ਸੀ
ਸਾਡੀ ਜ਼ਿੰਦਗੀ
ਭਸਮ ਹੋ ਜਾਣਾ ਸੀ
ਉਹ ਸਾਰਾ ਸੁਹੱਪਣ
ਜੋ ਸੁਰਾਂ ਛੇੜਨ ਤੇ
ਆ ਜਾਂਦੇ ਪਲਾਂ ਵਿੱਚ
ਸਾਹਮਣੇ।

**ਸ਼ਿਵ ਨਾਥ**
1257-C-L.I.G. ਫੇਜ਼-10, ਮੁਹਾਲੀ

# ਭਾਈ ਹਰਿ ਸਿਮਰਨ ਸਿੰਘ ਰਾਗੀ/ਇੱਕ ਜਾਣ ਪਹਿਚਾਣ

**ਡਾ. ਗੁਰਮੀਤ ਸਿੰਘ ਬੇਦਵਾਣ**

ਪਿੰਡ ਬਾਸੀਆਂ ਬੇਦਵਾਣ ਡਾ. ਮੱਛਲੀ ਕਲਾਂ, ਜਿਲ੍ਹਾ ਫਤਹਿਗੜ੍ਹ ਸਾਹਿਬ (ਪੰਜਾਬ)

ਭਾਈ ਹਰਿਸਿਮਰਨ ਸਿੰਘ ਰਾਗੀ, ਸਵਰਗੀ ਰਾਗੀ ਭਾਈ ਸਰਵਣ ਸਿੰਘ ਦੇ ਘਰ ਰਾਵਲਪਿੰਡੀ (ਹੁਣ ਪਾਕਿਸਤਾਨ) ਵਿਖੇ 24-4-1940 ਨੂੰ ਪੈਦਾ ਹੋਏ।

ਆਪ ਨੇ ਖਾਲਸਾ ਹਾਈ ਸਕੂਲ ਅਨੰਦਪੁਰ ਸਾਹਿਬ ਤੋਂ ਵਿੱਦਿਆ ਪ੍ਰਾਪਤ ਕੀਤੀ। ਸੰਗੀਤ ਦਾ ਸ਼ੌਕ ਆਪ ਨੂੰ ਬਚਪਨ ਤੋਂ ਹੀ ਸੀ ਕਿਉਂਕਿ ਘਰ ਵਿੱਚ ਪਹਿਲਾਂ ਤੋਂ ਹੀ ਕੀਰਤਨ ਦੀਆਂ ਧੁਨਾਂ ਗੂੰਜਦੀਆਂ ਸਨ।

ਭਾਈ ਹਰਿਸਿਮਰਨ ਸਿੰਘ ਨੇ ਆਪਣੇ ਪਿਤਾ ਜੀ ਤੋਂ ਹੀ ਕੀਰਤਨ ਦੀ ਸਿੱਖਿਆ ਹਾਸਿਲ ਕੀਤੀ। ਇਹਨਾਂ ਦੇ ਪਿਤਾ ਬੜੇ ਗੁਣੀ ਗਿਆਨੀ ਕੀਰਤਨਕਾਰ ਸਨ। ਬਹੁਤ ਦੇਰ ਤੱਕ ਆਪ ਆਪਣੇ ਪਿਤਾ ਜੀ ਨਾਲ ਕੀਰਤਨ ਕਰਦੇ ਰਹੇ ਅਤੇ 1988 ਵਿੱਚ ਸੁਤੰਤਰ ਤੌਰ ਤੇ ਗੁਰਦੁਆਰਾ ਸਾਹਿਬ ਵਿੱਚ ਬਤੌਰ ਕੀਰਤਨੀਏ ਨੌਕਰੀ ਸ਼ੁਰੂ ਕੀਤੀ। ਬੜੇ ਲੰਮੇ ਚੌੜੇ ਕੀਰਤਨ ਅਭਿਆਸ ਨੇ ਇਹਨਾਂ ਦੀ ਕਲਾ ਨੂੰ ਨਿਵੇਕਲਾ ਰੰਗ ਬਖਸ਼ਿਆ। ਇਸੇ ਕਲਾ ਦੇ ਸਹਾਰੇ ਆਪ ਸਿੰਘਾਪੁਰ, ਮਲੇਸ਼ੀਆ, ਇੰਡੋਨੇਸ਼ੀਆ, ਦੁਬਈ, ਕੁਵੈਤ ਤੇ ਅਰਜਨਟੀਨਾ ਦਾ ਦੌਰਾ ਕਰਕੇ ਆਏ ਹਨ।

ਪਿਤਾ ਜੀ ਨਾਲ ਕੀਰਤਨ ਕਰਦਿਆਂ ਜਦੋਂ ਇਹ ਮਹਿਸੂਸ ਹੋਇਆ ਕਿ ਲੋਕਾਂ ਦਾ ਕੀਰਤਨੀਏ ਸਿੰਘਾਂ ਨਾਲ ਵਿਵਹਾਰ ਕੁਝ ਠੀਕ ਨਹੀਂ ਚਲ ਰਿਹਾ ਤਾਂ ਪਿਤਾ ਜੀ ਦੀ ਮਰਜ਼ੀ ਦੇ ਖਿਲਾਫ 17 ਸਾਲ ਤੱਕ ਟੈਕਸੀ ਡਰਾਇਵਰ ਦਾ ਕਿੱਤਾ ਅਪਣਾਈ ਰੱਖਿਆ ਪਰ ਹਰਿਸਿਮਰਨ ਸਿੰਘ ਜੀ ਆਪਣਾ ਧੰਨਭਾਗ ਹੀ ਸਮਝਦੇ ਹਨ ਕਿ ਉਹਨਾਂ ਨੇ 1982 ਤੋਂ ਰਾਗੀ ਦੀਵਾਨ ਸਿੰਘ ਮਸਕੀਨ ਨਾਲ ਮਿਲਕੇ ਗੁਰੂ ਕ੍ਰਿਪਾ ਨਾਲ ਫੇਰ ਤੋਂ ਕੀਰਤਨ ਕਰਨਾ ਆਰੰਭ ਕੀਤਾ। ਹੁਣ ਪਿਛਲੇ ਸੱਤ ਸਾਲਾਂ ਤੋਂ ਉਹ ਗੁਰਦੁਆਰਾ ਸ਼ੇਰੇ ਪੰਜਾਬ ਕਲੋਨੀ ਬੰਬਈ ਵਿਖੇ ਕੀਤਰਨ ਦੀ ਸੇਵਾ ਕਰ ਰਹੇ ਹਨ।

ਭਾਈ ਹਰਿਸਿਮਰਨ ਸਿੰਘ ਹੁਰਾਂ ਦਾ ਵਿਸ਼ਵਾਸ਼ ਹੈ ਕਿ ਕੀਰਤਨ ਦੀ ਦਾਤ ਕੇਵਲ ਗੁਰੂ ਬਖਸ਼ਿਸ਼ ਨਾਲ ਪ੍ਰਾਪਤ ਹੁੰਦੀ ਹੈ ਅਜਿਹੀ ਵਡਮੁੱਲੀ ਦਾਤ ਨੂੰ ਵਪਾਰ ਬਣਾਏ ਜਾਣ ਦੇ ਉਹ ਸਖਤ ਖਿਲਾਫ ਹਨ। ਕੀਰਤਨ ਕਰਦਿਆਂ ਐਕਟਰਾਂ ਵਾਂਗ ਕਲਾ ਬਾਜੀਆਂ ਲਾਉਣ ਵਾਲਿਆਂ ਦੇ ਵੀ ਉਹ ਵਿਰੋਧੀ ਹਨ। ਕੀਰਤਨ ਕਰਨ ਨਾਲੋਂ ਸੰਗਤ ਵਿੱਚ ਬੈਠ ਕੇ ਕੀਰਤਨ ਸੁਣਨ ਨੂੰ ਚੰਗਾ ਸਮਝਦੇ ਹਨ। ਕੈਸੇਟ ਕਲਚਰ ਸੰਗਤ ਨੂੰ ਸੰਗਤ ਮਾਣਨ ਤੋਂ ਵਾਂਝਿਆ ਕਰਦੀ ਹੈ ਅਜਿਹੀ ਉਹਨਾਂ ਦੀ ਸੋਚ ਹੈ।

## ਵਿਸ਼ੇਸ਼ ਬੇਨਤੀ

1. 'ਅੰਮ੍ਰਿਤ ਕੀਰਤਨ' ਦੇ ਪਾਠਕਾਂ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਰਹਿ ਰਹੇ ਪਾਠਕਾਂ ਅੱਗੇ ਬੇਨਤੀ ਹੈ ਕਿ ਆਪਣੇ Telephone No., Fax No. ਤੇ E-Mail Address ਭੇਜਣ ਦੀ ਕ੍ਰਿਪਾਲਤਾ ਕਰਨ ਤਾਂ ਜੋ ਮੇਲ ਹੋਰ ਸੁਚੱਜੇ ਢੰਗ ਨਾਲ ਹੋ ਸਕੇ।
2. ਚਿੱਠੀ ਪੱਤਰ ਕਰਨ ਵੇਲੇ ਆਪਣਾ Subscriber No. ਜ਼ਰੂਰ ਲਿਖਣ ਦੀ ਖੇਚਲ ਕਰਨਾ।
3. ਜੇ ਤੁਹਾਨੂੰ 15 ਤਰੀਕ ਤੱਕ ਮੈਗਜ਼ੀਨ ਨਹੀਂ ਮਿਲਦਾ ਤਾਂ ਸਾਨੂੰ ਸੂਚਿਤ ਕਰੋ।

**ਅੰਮ੍ਰਿਤ ਕੀਰਤਨ ਟ੍ਰਸਟ, 1246 (I ਫਲੋਰ), ਸੈਕਟਰ 22-ਬੀ, ਚੰਡੀਗੜ੍ਹ 160 022**

Communication Centre
Formal Restaurants
Exhibition Rooms
Accommodation
Tours & Travels
Informal Eating
Conferencing
Floral Shop
Seminars

THE AROMA
Sector: 22 - C, Chandigarh,
Ph.: 700045-48 Fax : 0172-700051
E-mail : hotelaroma@glide.net.in
Website : www.hotelaroma.com

Premium Event Centre
Millennium Centre
Deliberations
Abhinandan
Exporama
Mind Set
Phulkari
Art Craft

*Metres and metres of endless possibilities*

# ਆਓ ਤਬਲਾ ਸਿੱਖੀਏ


## ਭਾਈ ਗੁਰਜੰਤ ਸਿੰਘ ਰਾਹੀ

ਬੀ-367, ਸ਼ੇਖੂਪੁਰਾ ਸੁਨਾਮੀ ਗੇਟ, ਸੰਗਰੂਰ - 148 001 (ਪੰਜਾਬ)


ਗੁਰਮਤਿ ਸੰਗੀਤ ਵਿਦਿਆਲੇ ਦੇ ਵਿਦਿਆਰਥੀ ਆਪਣਾ ਆਪਣਾ ਸਬਕ ਸੁਣਾ ਕੇ ਅਗਲੇ ਸਬਕ ਦੀ ਤਿਆਰੀ ਲਈ ਗੁਰੂ ਜੀ ਦੇ ਕੋਲ ਬੈਠੇ ਹਨ।

ਅਵਤਾਰ ਸਿੰਘ : ਗੁਰੂ ਦੀ ਦਾਦ ਕੀ ਹੁੰਦੀਐ?

ਗੁਰੂ ਜੀ : ਦਾਦ ਉਰਦੂ ਦਾ ਲਫ਼ਜ ਹੈ ਇਸ ਦਾ ਅਰਥ ਹੈ ਸਾਬਾਸ਼ ਹੌਂਸਲਾ ਅਫਜਾਈ ਕਰਨਾ ਐਪਰੀਸ਼ੀਏਟ ਕਰਨਾ। ਇਹ ਜ਼ਰੂਰੀ ਹੈ ਕਿ ਸਮਝਦਾਰ ਸਰੋਤੇ ਕਲਾਕਾਰ ਦੀ ਕੀਤੀ ਮਿਹਨਤ ਨੂੰ ਵੇਖਦੇ ਹੋਏ ਕਲਾ ਦੀ ਕਦਰ ਕਰਨ, ਕਲਾਕਾਰ ਦੀ ਹੌਸਲਾ ਅਫਜਾਈ ਕਰਨ; ਉਸਦਾ ਸਨਮਾਨ ਕਰਨ। ਪਰ ਇਸਦਾ ਇੱਕ ਪਾਸਾ ਹੋਰ ਵੀ ਹੈ ਜਿਸ ਬਾਰੇ ਕਲਾਕਾਰ ਨੂੰ ਸੁਚੇਤ ਰਹਿਣਾ ਚਾਹੀਦੈ। ਆਮ ਵੇਖਣ ਵਿੱਚ ਆਇਆ ਹੈ ਜਦੋਂ ਸਿਖਿਆਰਥੀ ਨਿਰੰਤਰ ਅਭਿਆਸ ਕਰਕੇ ਸਟੇਜ ਤੇ ਆਉਂਦੇ ਤਾਂ ਲੋਕ ਉਸਦੀ ਸਲਹਿਤਾ ਕਰਦੇ ਹਨ। ਉਸਨੂੰ ਦਾਦ ਦਿੰਦੇ ਹਨ ਤਾਂ ਉਸ ਵਿੱਚ ਅਹੰਕਾਰ ਆ ਜਾਂਦੈ ਕਿ ਮੈਂ ਤਾਂ ਬਹੁਤ ਕੁਛ ਬਣ ਗਿਆ। ਜਿਸ ਕਰਕੇ ਉਸਦੇ ਰਿਆਜ਼ ਵਿੱਚ ਕਮੀ ਆ ਜਾਂਦੀ ਹੈ। ਜਿਸਦੇ ਫਲ ਸਰੂਪ ਉਹ ਜਿੰਨਾ ਕੁ ਉੱਚਾ ਉੱਠਿਆ ਸੀ ਉਨ੍ਹਾਂ ਹੀ ਫਿਰ ਬਰਾਬਰ ਦੇ ਪੱਧਰ ਤੇ ਆ ਜਾਂਦੈ। ਚਾਹੀਦਾ ਇਹ ਹੈ ਜੇ ਤੁਹਾਨੂੰ ਲੋਕ ਕਹਿੰਦੇ ਹਨ ਅਵਤਾਰ ਸਿੰਘ ਬਹੁਤ ਅੱਛਾ ਤਬਲਾ ਵਜਾ ਰਿਹੈਂ ਤਾਂ ਤੁਸੀਂ ਆਪਣੇ ਰਿਆਜ਼ ਵਿੱਚ ਹੋਰ ਵਾਧਾ ਕਰੋ ਤਾਂ ਕਿ ਲੋਕ ਹੋਰ ਅੱਛਾ ਕਹਿਣ, ਨਾ ਕਿ ਰਿਆਜ਼ ਵਿੱਚ ਕਮੀ ਕਰੋ।

ਉਸਤਾਦ ਸ਼ਬੀਰ ਅਹਿਮਦ ਖਾਨ ਸਾਹਿਬ ਕਿਹਾ ਕਰਦੇ ਸਨ ਆਪਣੇ ਸ਼ਗਿਰਦ ਜਾਂ ਬੱਚੇ ਦੀ ਕਦੇ ਕਿਸੇ ਸਾਹਮਣੇ ਤਰੀਫ ਨਾ ਕਰੋ। ਜੇ ਉਸਦੀ ਤਰੱਕੀ ਚਾਹੁੰਦੇ ਹੋ ਉਸਨੂੰ ਉਸ ਦੀਆਂ ਗਲਤੀਆਂ ਦਾ ਅਹਿਸਾਸ ਕਰਾਈ ਜਾਉ। ਜਿਸਦੀ ਤਰੱਕੀ ਵਿੱਚ ਰੋਕ ਪਾਉਣੀ ਤਾਂ ਉਸਨੂੰ ਚਾਰ ਬੰਦਿਆਂ ਵਿੱਚ ਕਹਿ ਦਿੰਦੇ 'ਬੇਟਾ ਆਪਕਾ ਤੋਂ ਜੁਆਬ ਨਹੀਂ, ਅਜ ਕਲ ਇਤਨਾ ਅੱਛਾ ਬਜਾ ਰਹੇ ਹੋ, ਹਮਨੇ ਤੋ ਕਭੀ ਐਸਾ ਸੋਚਾ ਭੀ ਨ ਥਾ ਕਿ ਤੁਮ ਇਤਨਾ ਅੱਛਾ ਬਜਾ ਲੇਤੇ ਹੋ।' ਕਹਿੰਦੇ 'ਲੌ ਜੀ ਇਸਨੂੰ ਤਾਂ ਦਾਦ ਦਾ ਟੀਕਾ ਲਗ ਗਿਆ।'

ਇਸ ਵਾਸਤੇ ਇਸ ਗਲ ਦਾ ਖਾਸ ਖਿਆਲ ਰੱਖੋ ਕਿ ਨਿਵੇ 'ਸੁ ਗਉਰਾ ਹੋਇ', ਮਾਣ ਹੁੰਦਿਆਂ ਵੀ ਨਿਮਾਣਾ ਰਹੇ। ਜੋ ਕੋਈ ਵਿਦਵਾਨ ਪੁਰਸ਼ ਤੁਹਾਡੇ ਗੁਣ ਦੀ ਤਾਰੀਫ ਕਰਦੈ ਤਾਂ ਹਥ ਜੋੜ ਕੇ ਇਹ ਵੀ ਕਹੋ 'ਕ੍ਰਿਪਾ ਕਰਕੇ ਕੋਈ ਗਲਤੀ ਵੀ ਦਸ ਦਿਉ, ਤਾਂ ਕਿ ਸੁਧਾਰ ਹੋ ਸਕੇ।' ਹੰਕਾਰ ਦਾ ਹਮੇਸ਼ਾ ਸਿਰ ਨੀਵਾ ਹੁੰਦਾ ਹੈ। 'ਇਸ ਲਈ ਹੰਕਾਰ ਤਾਂ ਨਹੀਂ ਕਰੋਗੇ?'

ਸਾਰੇ ਵਿਦਿਆਰਥੀ : ਨਹੀਂ ਜੀ।

ਤਾਲ ਰੂਪਕ : ਮਾਤਰਾਂ 7 ਭਾਗ 3 ਚੌਥੀ ਅਤੇ ਛੇਵੀਂ ਤਾਲੀ, ਪਹਿਲੀ ਖਾਲੀ। ਇਹ ਤਬਲੇ ਦੀ ਤਾਲ ਹੈ। ਇਸਦਾ ਪ੍ਰਯੋਗ ਸੋਲੋ ਵਾਦਨ ਵਿੱਚ ਵੀ ਕੀਤਾ ਜਾਂਦਾ ਹੈ। ਖਿਆਲ ਅੰਗ ਦੀ ਗਾਇਕੀ ਅਤੇ ਤੰਤ੍ਰੀ ਸਾਜ਼ਾਂ ਵਿੱਚ ਮਸੀਤਖਾਨੀ ਗਤਾਂ ਨਾਲ ਵੀ ਵਜਾਇਆ ਜਾਂਦਾ ਹੈ। ਅੱਜ ਕਲ ਸੁਗਮ ਸੰਗੀਤ ਗੀਤ, ਗਜ਼ਲ, ਭਜਨ, ਸ਼ਬਦ ਕੀਰਤਨ ਆਦਿ ਵਿੱਚ ਵੀ ਇਸ ਤਾਲ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਵਿੱਚ ਪੇਸ਼ਕਾਰ, ਕਾਇਦੇ, ਪਲਟੇ, ਟੁਕੜੇ, ਪਰਨ, ਤਿਹਾਈਆਂ ਆਦਿ ਤੋਂ ਬਗੈਰ ਲੜੀਆਂ ਵੀ ਵਜਾਈਆਂ ਜਾਂਦੀਆਂ ਹਨ। ਇਹ ਇੱਕ ਅਜਿਹਾ ਤਾਲ ਹੈ ਜਿਸਦਾ ਖਾਲੀ ਤੇ ਸਮ ਹੈ।

| | 1 | 2 | 3 | 4 | 5 | 6 | 7 |
|---|---|---|---|---|---|---|---|
| | X | | | 1 | | 2 | |
| ਠੇਕਾ | ਤਿੰ | ਤਿੰ | ਨਾ | ਧਿੰ | ਨਾ | ਧਿੰ | ਨਾ |
| ਪ੍ਰਕਾਰ | ਤਿੰ | ਤਿੰ | ਨਾਨਾ | ਧਿੰ | ਨਾਨਾ | ਧਿੰ | ਨਾਨਾ |
| | ਤਿੰ | ਤਿੰ | ਨਾਨਾ | ਧਿੰਧਿੰ | ਨਾਨਾ | ਧਿੰਧਿੰ | ਨਾਨਾ |
| | ਤਿੰ | ਤਿੰ | ਨਾਨਾ | ਧਾਧਿੰ | ਧਿੰਧਾ | ਧਾਧਿੰ | ਧਿੰਧਾ |
| | ਤਿੰ | ਤਿੰ | ਨਾਨਾ | ਤਿਰਕਿਟ | ਧਾਤਿਰ | ਕਿਟਧਾ | ਤਿਰਕਿਟ |
| | ਤਿੰ | ਤਿੰ | ਨਾਨਾ | ਧਾਧਾ | ਤਿਰਕਿਟ | ਧਾਧਾ | ਤਿਰਕਿਟ |
| | ਤਿੰ | ਤਿੰ | ਨਾਨਾ | ਧਾਧਾ | ਤਿਰਕਿਟ | ਤਿਕਤਾ | ਤਿਰਕਿਟ |

| | | | | | | | |
|---|---|---|---|---|---|---|---|
| ਲਗੀਆਂ | ਧਾਧਾ | ਗਿਧੀ | ਨਾਗੇ | ਧਾਧਾ | ਗਿਧੀ | ਨਾਗੇ | ਨਾਨਾ |
| | ਤਾਤਾ | ਕਿਤੀ | ਨਾਕੇ | ਤਾਤਾ | ਕਿਤੀ | ਨਾਗੇ | ਨਾਨਾ |
| | ਧਾਧਾ | ਗਿਧੀ | ਨਾਗੇ | ਤਾਤਾ | ਗਿਧੀ | ਨਾਗੇ | ਧਿਨਾ |
| | ਤਾਤਾ | ਕਿਤੀ | ਨਾਕੇ | ਭਾਤਾ | ਕਿਤੀ | ਨਾਗੇ | ਤਿਨਾ |
| | ਤਿੰਨਾ | ਕਿਨਾ | ਤਕ | ਧਿਨਾ | ਗਿਨਾ | ਧਿਨਾ | ਗਿਨਾ |
| | ਤਿਨਾ | ਕਿਨਾ | ਤਕ | ਧਿਨਾ | ਗਿਨਾ | ਧਾਗੇ | ਤਿਰਕਿਟ |
| | ਤਿੰ | ਤਿਨਾ | ਤਿਰਕਿਟ | ਧਿਨਾ | ਗਧਿੰ | ਨਾਗੇ | ਤਿਰਕਿਟ |
| | ਤਕਤਿਰ | ਨਿਟਤਕ | ਤਕਤਿਰ | ਕਿਟਤਕ | ਤਕਤਿਰ | ਕਿਟਤਕ | ਤਿਰਕਿਟ |

ਇਹ ਸਾਰੀਆਂ ਲਗੀਆਂ ਕੀਰਤਨ ਵਿੱਚ ਵਜਣ ਵਾਲੀਆਂ ਹਨ। ਸੋਲੋ ਵਾਸਤੇ ਕਾਇਦੇ ਆਦਿ ਅਗਲੀ ਵਾਰ।


ਰਾਗੀ ਜਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦੇ ਕੀਰਤਨ ਦੀਆਂ ਟੇਪਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ।

**ਅੰਮ੍ਰਿਤ ਕੀਰਤਨ ਟ੍ਰਸਟ**
422, ਸੈਕਟਰ 15-A, ਚੰਡੀਗੜ੍ਹ
ਫੋਨ-772660

**ਅੰਮ੍ਰਿਤ ਵਰਖਾ**
7/1, ਵੈਸਟ ਪਟੇਲ ਨਗਰ, ਨਵੀਂ ਦਿੱਲੀ
ਫੋਨ-5742058


## ਡਿਪਲੋਮਾ ਇਨ ਗੁਰਮਤਿ ਸੰਗੀਤ

ਸਮੂਹ ਗੁਰਮਤਿ ਸੰਗੀਤ ਸਿਖਲਾਈ ਕੇਂਦਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਅਰੰਭ ਕੀਤੇ ਡਿਪਲੋਮਾ ਇਨ ਗੁਰਮਤਿ ਸੰਗੀਤ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਲਈ ਕਿਸੇ ਵੀ ਗੁਰਮਤਿ ਸੰਗੀਤ ਸਿਖਲਾਈ ਕੇਂਦਰ ਵਿੱਚ ਦੋ ਸਾਲ ਦੀ ਸਿੱਖਿਆ ਪ੍ਰਾਪਤ ਕਰਨ ਦੀ ਸ਼ਰਤ ਰੱਖੀ ਹੋਈ ਹੈ। ਇਸ ਸਮੇਂ ਵਿਦਿਆਰਥੀ ਨੇ ਹੇਠ ਲਿਖੇ ਅਨੁਸਾਰ ਸਿੱਖਿਆ ਪ੍ਰਾਪਤ ਕੀਤੀ ਹੋਣੀ ਚਾਹੀਦੀ ਹੈ। ਸੋ ਸਾਰੇ ਵਿਦਿਆਰਥੀ ਅਤੇ ਅਧਿਆਪਕ ਇਸ ਸਮੇਂ ਹੇਠ ਲਿਖੇ ਅਨੁਸਾਰ ਸਿੱਖਿਆ ਪ੍ਰਾਪਤ ਕਰਨ ਦੀ ਖੇਚਲ ਕਰਨ।

**ਪਰਵੇਸ਼ਿਕਾ : ਡਿਪਲੋਮਾ ਇਨ ਗੁਰਮਤਿ ਸੰਗੀਤ (ਪਹਿਲਾ ਸਾਲ)**

1. *ਸੰਖੇਪ ਜਾਣਕਾਰੀ ਪਰਿਭਾਸਾਵਾਂ ਸਹਿਤ :* ਸੰਗੀਤ, ਸੁਰ, ਆਰੋਹ, ਅਵਰੋਹ, ਮੁਖ ਅੰਗ (ਪਕੜ) ਜਾਤੀ, ਵਾਦੀ, ਸੰਵਾਦੀ, ਸਮਾਂ, ਰਾਗ, ਤਾਲ, ਲੈਅ, ਸਮ ਮਾਤਰਾ, ਤਾਲੀ, ਖਾਲੀ ਚਿੰਨ੍ਹ, ਸਪਤਕ, ਵਰਜਿਤਸੁਰ, ਅਲੰਕਾਰ।
2. ਥਾਟ ਬਿਲਾਵਲ, ਕਲਿਆਣ ਅਤੇ ਭੈਰਵ ਵਿੱਚ ਦਸ ਅਲੰਕਾਰ।
3. *ਲਿਖੇ ਰਾਗਾਂ ਦਾ ਪਰਿਚਯ ਤੇ ਸ਼ਬਦ ਕੀਤਰਨ :* ਬਿਲਾਵਲ, ਕਲਿਆਣ, ਭੈਰਉ, ਧਨਾਸਰੀ।
4. *ਤਾਲਾਂ ਦਾ ਪਰਿਚਯ ਤੇ ਤਾਲੀ ਰਾਹੀਂ ਅਭਿਆਸ :* ਦਾਦਰਾ, ਕਹਿਰਵਾ, ਤਿੰਨਤਾਲ।

**ਪਰਵੇਸ਼ਿਕਾ : ਡਿਪਲੋਮਾ ਇਨ ਗੁਰਮਤਿ ਸੰਗੀਤ (ਦੂਸਰਾ ਸਾਲ)**

1. *ਜਾਣਕਾਰੀ ਪਰਿਭਾਸਾਵਾਂ ਸਹਿਤ :* (ੳ) ਲੈਅ ਅਤੇ ਉਸਦੇ ਪਰਕਾਰ (ਅ) ਜਾਤੀ ਅਤੇ ਜਾਤੀ ਭੇਦ (ੲ) ਦਸ ਥਾਟ (ਭਾਤਖੰਡੇ) (ਸ) ਸਪਤਕ ਦੇ ਪਰਕਾਰ (ਹ) ਸੁਰ ਲਿਪੀ ਚਿੰਨ੍ਹ (ਭਾਤਖੰਡੇ ਪੱਧਤੀ) (ਕ) ਰਾਗ ਦੇ ਤੱਤ।
2. ਥਾਟ ਬਿਲਾਵਲ, ਭੈਰਵੀ ਅਤੇ ਟੋਡੀ ਵਿੱਚ ਦਸ ਅਲੰਕਾਰ (ਤਾਲਬੱਧ ਤੇ ਖੁੱਲ੍ਹੇ)
3. *ਨਿਰਧਾਰਤ ਰਾਗਾਂ ਵਿੱਚ ਸ਼ਬਦ ਗਾਇਨ ਰਾਗ ਪਰਿਚਯ ਸਮੇਤ :* ਆਸਾ, ਗਉੜੀ (ਭੈਰਉ ਅੰਗ), ਸੂਹੀ, ਟੋਡੀ ਪਰਭਾਤੀ, ਸਾਰੰਗ, ਤਿਲੰਗ।
4. ਪਉੜੀ ਗਾਇਨ, ਸਲੋਕ ਗਾਇਨ
5. *ਤਾਲ ਪਰਿਚਯ :* ਦਾਦਰਾ, ਕਹਿਰਵਾ, ਤਿੰਨਤਾਲ, ਪਉੜੀ, ਇਕਤਾਲ, ਦੀਪਚੰਦੀ, ਰੂਪਕ।
6. *ਤਕਨੀਕੀ ਸ਼ਬਦਾਵਲੀ :* ਗੁਰਮਤਿ ਸੰਗੀਤ, ਰਹਾਓ, ਅੰਕ, ਇਕੱਤੀ ਰਾਗ, ਸ਼ਬਦ ਕੀਰਤਨ।

***ਵਧੇਰੇ ਜਾਣਕਾਰੀ ਲਈ :*** ਮੁਖੀ, ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸੰਪਰਕ ਕੀਤਾ ਜਾਵੇ।


**With best compliments from a wellwisher**

# SIKH MUSICOLOGY

Dr. Gurnam Singh
Punjabi University, Patiala

*Gurmat Sangeet* is a unique musical tradition of the centuries old Sikh religion which was established and preached by all the Sikh Gurus, right from Guru Nanak Sahib, the Founder of Sikhism. Under *Gurmat Sangeet*, the divine message is communicated through *Shabad Kirtan*. In Sikhism *Shabad Kirtan* has been made an inseparable part of the Sikh way of life. *Kirtan Chauki* tradition is in vogue in the Gurudwaras for centuries and *Kirtan* tradition in practice on special occasions of Sikhs is an extended form of this tradition. This practical *Kirtan* tradition is in accordance with the *Shabad Guru* of Sri Guru Granth Sahib.

The *Bani* of Sri Granth Sahib, written and indexed according to the prescribed *Raagas*, singing forms, music signs, headings and the other guidelines issued in the *Bani*, creates original and specific musicology. Scientific approach to music can help in recognising more explicitly the Music tradition according to Sri Guru Granth Sahib.

The system of music, enshrined in the Holy Sri Guru Granth Sahib is exactly in accordance with the musical tenets established by the Gurus. What came to be known as *Gur Shabad Kirtan* is a unique confluence of *Shabad* and *Kirtan* propounded by the founder of Sikhism, Guru Nanak Sahib with the help of divine music emanating from Bhai Mardana's *Rabab*. This emerged as unique system in the Indian and world music tradition. In *Bani Gur Shabad Kirtan* has been assigned a very prominent status as stated in the following couplet.

*Kaljug meh Keertan Pardhaanaa.*
*Gurmukh Japee-ai Laa-e Dhiaanaa*
(Sri Guru Granth Sahib, Page 1075)

*Har Keerat Kaljug pad uttam*
*har paaiai satgur maajhaa.*
(Sri Guru Granth Sahib, Page 697)

Sri Guru Granth Sahib contains *Bani* of the Gurus in addition to the *Bani* of contemporary and earlier Saints and *Bhagats*. The classification of *Bani* according to *Raags* makes it clear that the *Bani* is written in accordance with a particular system as conceived by Guru Arjun Dev Ji, the fifth Guru while compiling and editing Sri Guru Granth Sahib. Beside the *Raagas*, different classical and folk singing styles, *Rahaao* and other music sings are those elements of *Gurmat* music system which always remain active due to their original musical characteristics and for the presentation of *Shabad Kirtan*. *Bani* unde *Shabad Kirtan* is to be sung according the prescribed *raags, raaga* forms, singi styles, music sings, *Rahaao*, *Ank* (digit) e Different music elements which discipli *Shabad Kirtan* can be known by an independent systematic discussion about them and its functional aspect may become more clear by systematic thought.

**The Raaga:** The whole *Bani* of the holy Sri Guru Garnth Sahib has been classified under 31 *Raagas* and 31 different *Raaga* forms (*Parkaars*) thus making a total of 62.

| SN. | Raagaa | Raaga forms | Page |
|---|---|---|---|
| 1. | *Siree* | - | 14 |
| 2. | *Maajh* | - | 94 |

| SN. | Raaga | Raaga forms | Page |
|---|---|---|---|
| 3. | *Gaorhee* | - | 151 |
| | | 1) Gaorhee Guaareree | 151 |
| | | 2) Gaorhee Dakhnhee | 152 |
| | | 3) Gaorhee Chetee | 154 |
| | | 4) Gaorhee Bairaagan | 156 |
| | | 5) Gaorhee Poorbee Deepkee | 157 |
| | | 6) Gaorhee Poorbee | 242 |
| | | 7) Gaorhee Deepkee | 12 |
| | | 8) Gaorhee Maajh | 172 |
| | | 9) Gaorhee Maalwaa | 214 |
| | | 10) Gaorhee Maalaa | 214 |
| | | 11) Gaorhee Sorath | 330 |
| 4. | *Assaa* | - | 154 |
| | | 12) Aasaawaree Sudhang | 369 |
| | | 13) Aasaawaree | 409 |
| | | 14) Aasaa Kaafee | 365 |
| 5. | *Goojree* | - | 489 |
| 6. | *Devgandhaaree* | - | 527 |
| | | 15) Devgandhaar | 531 |
| 7. | *Bihaagrhaa* | - | 537 |
| 8. | *Wadhans* | | 557 |
| | | 16) Wadhans Dakhnee | 580 |
| 9. | *Sorath* | - | 595 |
| 10. | *Dhanaasree* | - | 13/660 |
| 11. | *Jaitsree* | - | 696 |
| 12. | *Todee* | - | 711 |
| 13. | *Bairaarhee* | - | 719 |
| 14. | *Tilang* | - | 721 |
| | | 17) Tilang Kaafee | 726 |
| 15. | *Soohee* | - | 728 |
| | | 18) Soohee Kaafee | 751 |
| | | 19) Soohee Lalit | 793 |
| 16. | *Bilaawal* | - | 794 |
| | | 20) Bilaawal Dakhnhee | 843 |
| | | 21) Bilaawal Mangal | 844 |
| 17. | *Gond* | | 859 |
| | | 22) Bilaawal Gond | 874 |
| 18. | *Raamkalee* | | 876 |
| | | 23) Raamkalee Dakhnhee | 907 |
| 19. | *Nat Naaraain* | | 975 |
| | | 24) Nat | 975 |
| 20. | *Maaleegaorha* | - | 984 |
| 21. | *Maaro* | - | 989 |
| | | 25) Maaroo Kaafee | 1014 |
| 22. | *Tookhaaree* | - | 1107 |
| 23. | *Kedaaraa* | - | 1118 |
| 24. | *Bhairao* | - | 1125 |
| 25. | *Basant* | - | 1168 |
| | | 27) Basant Hindol | 1171 |
| 26. | *Saarang* | - | 1194 |
| 27. | *Malaar* | - | 1125 |
| 28. | *Kaanrhaa* | - | 1294 |
| 29. | *Kaliaan* | - | 1319 |
| | | 28) Kaliaan Bhopaalee | 1321 |
| 30. | *Prabhaatee* | - | 1327 |
| | | 29) Prabhaatee Bibhaas | 1327 |
| | | 30) Prabhaatee Dakhnee | 1343 |
| | | 31) Bibhaas Prabhaatee | 1347 |
| 31. | *Jaijaawantee* | - | 1352 |

*Raaga* markings on *Gurbani* as heading is a clear indication for singing any piece of *Gurbani* according to the prescribed *Raaga* and that has been ordained in Sikh tradition and fundamental Importance of *Raagas* has been stated as follows:

*Sabhnaan raagaan wich so bhalla*
*bhaaee jit wasiaa man aaee.*
(Sri Guru Granth Sahib, Page 1423)

*Dhan su raag surangrhe*
*aalaapat sabh tikh jaae.*
(Sri Guru Granth Sahib, Page 958)

*Gunh govind gaavah sabh harijan*
*raag ratan rasnaa aalaap.*
(Sri Guru Granth Sahib, Page 821)

Under *Gurmat Sangeet* tradition, *Raagas* are in propagation with their original melodic forms. Sikh musicians uninfluenced by the changes in *Shudh Thaat* notes as *Bilawal* scales from *Kafi* scale, kept the traditional purity of Gurmat Sangeet in practical form. As a sequel, a tradition which is more than 500 years old, is in existence as a Sikh Musical tradition. These original *Raaga* forms of *Gurmat Sangeet* are a unique contribution to Indian Music's *Raaga* tradition.

These *Raagas* (31 Main and 31 *Raaga* forms) are *Shudh* (*Siree, Maajh, Gaorhee, Aasaa, Dhanaasree, Soohee, Maaroo, Tookharee, Parbhaatee* etc.) *Chhayalag* (Nine *Raaga* forms of *Gaorhee* and *Aasa Kaafe, Tilang Kafee, Soohee Lalit, Bilawal Mangal, Parbhatee Bibhaas* etc.), admixture of two *Raagas* or including the melodic reflection of any other *Raaga*, and *Sankeeran* (*Gaorhee, Poorbee, Deepkee*), combination of more than two *Raagas*. Originality of seasonal (*Malhaar, Basant* etc.) and regional (*Maajh Aasaa, Tookharee* etc.) *Raagas* under *Raag* forms is another important feature of Gurmat Sangeet System. With a view to disseminate the divine message to the people, Guru Nanak Sahib toured different places. These travels of Guru Nanak are popularly known as *Udasis*. During these long travellings (*udasis*) Guru Nanak Sahib used *Raagas* belonging to local tradition to propagate his message, of which the *Deccani Raaga* (*Gaorhee Dakhnee, Wadhans Dakhnee, Bilwal Dakhnee, Raamklee Dakhnee, Maaroo Dakhnee, Parbhatee Dakhnee.*) tradition deserves a special mention. *Dakhani* in word in the Sri Guru Granth indicates the southern Music system. In *Gurbani*, the *Raaga Dhyana* (Sri Guru Granth Sahib, Page 83, 585, 791, 849, 950, 1027, 1285, 1419, 1425 etc.) of some *Raagas* have been given with a view to express the nature of different *Raagas* in their spirituel context according to the *Gurmat.*

**Singing Styles:** *Bani* has different headings on it alongwith *Raagas* such as *Ashtpadian, Chaupade, Ghorian, Alahuian, Vaar* etc. in Sri Guru Granth Sahib. Under the *Bani* arrangement these forms not only assume poetical forms but specific singing styles and music forms also which have a particular technique. The Gurus have not only used different classical and folk music forms in *Bani* but these have also been used in conformity with *Gurmat* musical System which is based on elements of music like *Raaga, Rahaao, Ank* and other musical singes. Under this system, classical musical forms have been liberated from the rigorous discipline of the art of music and given it a equipoise (*Sehaj*) by conforming it to the spirit of Sikh musical system. Similarly spontaneous freedom of folk forms has been given the specific discipline of *Gurmat Sangeet.*

